ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

SATJUG

1920 ਤੋਂ
ਸਾਲ 100 ਵਾਂ

# ਸਤਜੁਗ

ਸਤਜੁਗਿ ਸਚੁ ਕਹੈ ਸਭੁ ਕੋਈ ॥

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ

Price: Rs.5/-

੧ ਤੋਂ ੧੫ ਮੱਘਰ ੨੦੭੭ ਬਿ.
15 To 29 Nov. 2020

ਜਿਲਦ 28
ਨੰਬਰ 20
Total Pages 44



ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥



ਸਮੂਹ ਸਾਧ ਸੰਗਤ ਦੇ ਚਰਨਾਂ ਵਿੱਚ ਅਰਜ਼ ਬੇਨਤੀ ਹੈ ਕਿ ਜਿਸਨੇ ਵੀ ਸ੍ਰੀ ਭੈਣੀ ਸਾਹਿਬ ਜਾਂ ਆਪਣੇ ਘਰਾਂ ਵਿੱਚ ਹਵਨ-ਵਰਨੀ, ਅਖੰਡ ਪਾਠ, ਸਾਧਾਰਨ ਪਾਠ, ਕਰਵਾਉਣਾ ਹੋਵੇ ਉਹ ਹੇਠ ਲਿਖੇ ਨੰਬਰਾਂ ਤੇ ਸੰਪਰਕ ਕਰੋ ਜੀ।

**ਪਾਠ ਪ੍ਰਬੰਧਕ :-**

**ਕਵੀਸ਼ਰ ਗੁਰਸੇਵਕ ਸਿੰਘ**
94636-60990

**ਇੰਦਰ ਸਿੰਘ**
94650-01001



ਤਰੁਨਾ ਦਲ ਦੇ ਗਿਆਨੀ ਗੁਰਵਿੰਦਰ ਸਿੰਘ ਨੰਗਲੀ ਨਾਲ
ਵਿਚਾਰ ਚਰਚਾ ਕਰਦੇ ਹੋਏ ਹਰਪਾਲ ਸਿੰਘ ਸੇਵਕ ਅਤੇ ਸੰਤ ਨਿਸ਼ਾਨ ਸਿੰਘ

# ਸਤਿਜੁਗ

੧ ਤੋਂ ੧੫ ਮੱਘਰ ੨੦੭੭ ਬਿ.
15 ਤੋਂ 29 ਨਵੰਬਰ 2020 ਈ:
ਜਿਲਦ 28, ਵੀਰਵਾਰ ਨੰਬਰ 20

**ਸਤਿਜੁਗ**:ਨਾਮਧਾਰੀ ਗੁਰਦੁਆਰਾ,
ਰਮੇਸ਼ ਨਗਰ,ਨਵੀਂ ਦਿੱਲੀ-110015

**Advisory Board:**
*Harvendra Singh Hanspal*
*Gurbhej Singh Guraya*

**Editorial Board:**
*Suwarn Singh 'Virk'*
*Harpal Singh 'Sewak'*
*Sukhwinder Singh 'Lyall'*
***Sant Nishan Singh***
***Jaswant Singh 'Mast'***
*Bhajan Singh*
*Gurlal Singh*

*Printed and Published by*
*Mr. Harvendra Singh Hanspal*
*on behalf of Namdhari Darbar.*
*Printed at Summit advertising press,*
*2DLF (Part), Moti Nagar, New Delhi*
*and Published from Namdhari Gurdwara,*
*Ramesh Nagar, New Delhi-110015.*

THE SATJUG
Namdhari Gurdwara
Ramesh Nagar, New Delhi-15
RNI No. 55658/93
Postal Regd. No. DL(W)01/2055/18-20
Licence No. U©-169/2015-17
to post without pre-payment at
New Delhi PSO

ਇਕ ਸਾਲ : ਦੇਸ - 300 ਰੁ:, ਪ੍ਰਦੇਸ- 70$ USD ਡਾਲਰ
ਪੰਜ ਸਾਲ : ਦੇਸ - 1200 ਰੁ:, ਪ੍ਰਦੇਸ- 280$ USD ਡਾਲਰ

***Designed and Typeset:***
***Hakam Singh***
***Taran Singh 'Bal'***
***Vishav Namdhari Sangat, Sri Bhaini Sahib***

***Satjug@sribhainisahib.com***

**ਪੱਤਰ ਵਿਹਾਰ ਦਾ ਪਤਾ :**
ਮੈਨੇਜਰ, ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ,ਪੰਜਾਬ-141126
ਫੋਨ : 99147-02201
98155-75099

# ਤਤਕਰਾ

* ਸੰਪਾਦਕੀ- ਸਭੇ ਸਾਝੀਵਾਲ ਸਦਾਇਨਿ
ਨਿਸ਼ਾਨ ਸਿੰਘ ਕਥਾਵਾਚਕ..........................4
* ਪ੍ਰਵਚਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ..........................6
* ਗੁਰਮਤਿ ਫਲਸਫਾ, ਸਤਿਗੁਰੂ ਜਗਜੀਤ ਸਿੰਘ ਜੀ.....
ਹਰਪਾਲ ਸਿੰਘ ਸੇਵਕ...............................8
* ਰਾਗ ਨਾਦ ਦੇ ਬਹੁਪੱਖੀ ਸਿੱਧ ਸਾਧਕ.......
ਦੇਵਿੰਦਰ ਸਿੰਘ ਗਿੱਲ (ਜੀਆ ਨੱਥਾ)................15
* ਤੇਰੇ ਗੁਣ ਬਹੁਤੇ ਮੈ ਏਕੁ ਨਾ ਜਾਨਿਆ
ਸੁਖਵਿੰਦਰ ਸਿੰਘ ਲਾਇਲ..........................18
* ਕਿਰਪਾ ਦੇ ਸਾਗਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ
ਸੁਖਚੈਨ ਸਿੰਘ ਗਿੱਲ...............................22
* ਗੁਰਮਤਿ ਵਿੱਚ ਬਿਬੇਕ ਦਾ ਸੰਕਲਪ
ਹਰਪਾਲ ਸਿੰਘ ਸੇਵਕ...............................24
* ਬੀਤੇ ਦੀਆਂ ਪੈੜਾਂ (ਅਣਛਪਿਆ ਭਾਗ)
ਸਵ. ਕਵੀ ਪ੍ਰੀਤਮ ਸਿੰਘ ਜੀ........................26
* **Our Miraculous Journey**
**Harjinder Kanwal (Coventry U.K.)................28**
* **A Saga of Sri Satguru Jagjit Singh ji**
**Dr. Sharada Jayagovind ..............................32**
* ਸੁੱਚੇ ਮੋਤੀ .................................................34
* ਕਾਵਿ-ਕਿਆਰੀ..........................................35
* ਖ਼ਬਰਨਾਮਾ..............................................36

੧ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
ਸਤਜੁਗਿ ਸਚੁ ਕਹੈ ਸਭੁ ਕੋਈ॥
ਸਤਿਜੁਗ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ

# ਸਭੇ ਸਾਝੀਵਾਲ ਸਦਾਇਨਿ

ਜਦੋਂ ਤੱਕ ਸਤਿਜੁਗ ਦਾ ਇਹ ਅੰਕ ਪਾਠਕਾਂ ਦੇ ਹੱਥਾਂ ਤੱਕ ਪਹੁੰਚੇਗਾ, ਤਦ ਤੱਕ ਅਸੀਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਪਹਿਲੀ ਪ੍ਰਕਾਸ਼ ਸ਼ਤਾਬਦੀ ਦੇ ਮੁੱਖ ਸਮਾਗਮ ਦੀ ਸ਼ੁਰੂਆਤ ਕਰ ਚੁੱਕੇ ਹੋਵਾਂਗੇ। ਲੱਖਾਂ ਨਾਮਧਾਰੀਆਂ ਦੇ ਹਿਰਦੇ ਸਮਰਾਟ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਪ੍ਰਾਦਰਭਾਵ 22 ਨਵੰਬਰ 1920 ਈ: ਨੂੰ ਸ੍ਰੀ ਭੈਣੀ ਸਾਹਿਬ ਦੀ ਤਪੋ ਭੂਮੀ ਤੇ ਹੋਇਆ। ਉਸ ਵੇਲੇ ਭਾਰਤ ਮਾਤਾ ਗੁਲਾਮੀ ਦੀਆਂ ਜੰਜੀਰਾਂ ਵਿੱਚ ਜਕੜੀ ਹੋਈ ਸੀ, ਪਿੰਜਰੇ ਵਿੱਚ ਪਏ ਪੰਛੀ ਦੀ ਤਰ੍ਹਾਂ ਬੰਦ ਖਲਾਸੀ ਲਈ ਖੰਭ ਫੜਫੜਾ ਰਹੀ ਸੀ। ਨਾਮਧਾਰੀ ਸੰਤ ਖਾਲਸੇ ਦਾ ਆਸਥਾ ਕੇਂਦਰ ਗੁਰਦੁਆਰਾ ਸ੍ਰੀ ਭੈਣੀ ਸਾਹਿਬ ਇੱਕ ਜੇਲ ਦਾ ਰੂਪ ਬਣਿਆ ਹੋਇਆ ਸੀ। 48 ਕੁ ਸਾਲਾਂ ਤੋਂ ਬੂਹੇ ਅੱਗੇ ਬੈਠੀ ਪੁਲੀਸ ਚੌਂਕੀ ਵੱਲੋਂ ਦਰਸ਼ਨਾਰਥੀਆਂ 'ਤੇ ਕੀਤੇ ਜਾਂਦੇ ਜ਼ੁਲਮ ਬੇਸ਼ੱਕ ਪਹਿਲਾਂ ਨਾਲੋਂ ਤੇ ਕੁੱਝ ਘਟੇ ਸਨ ਪਰ ਫਿਰ ਵੀ ਹਰ ਆਉਣ ਵਾਲੇ ਨੂੰ ਸ਼ੱਕੀ ਨਿਗਾਹਾਂ ਨਾਲ ਵੇਖਿਆ ਜਾਂਦਾ ਸੀ। ਬਾਲ ਸਤਿਗੁਰੂ ਜੀ ਨੇ ਮਨੁੱਖ ਵੱਲੋਂ ਮਨੁੱਖਾਂ ਪ੍ਰਤੀ ਕੀਤੇ ਜਾਂਦੇ ਵਿਤਕਰੇ ਅਤੇ ਜ਼ੁਲਮੋ-ਜ਼ਬਰ ਨੂੰ ਆਪਣੇ ਨੇਤਰਾਂ ਨਾਲ ਤੱਕਿਆ। ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਗਮਨ ਬਾਅਦ ਕੂਕਾ ਪੰਥ ਉੱਪਰ ਹੋਏ ਤਸ਼ੱਦਦ ਦੀ ਹਿਰਦੇ ਵੇਧਕ ਦਾਸਤਾਨ ਆਪ ਜੀ ਨੇ ਦਾਦੀ ਮਾਤਾ ਜੀਵਨ ਕੌਰ ਜੀ ਅਤੇ ਹੋਰ ਚਸ਼ਮਦੀਦ ਮਹਾਂਪੁਰਸ਼ਾਂ ਪਾਸੋਂ ਨਾਨੀ-ਦਾਦੀ ਦੀਆਂ ਬਾਤਾਂ ਵਾਂਗ ਸੁਣੀ। ਬਾਲ-ਮਨ ਉੱਤੇ ਪਏ ਅਸਰ ਦਾ ਹੀ ਸਿੱਟਾ ਸੀ ਕਿ ਜਿੱਥੇ ਆਪ ਜੀ ਤਾ-ਉਮਰ ਕੌਮੀ ਪ੍ਰਵਾਨਿਆਂ ਨੂੰ ਹਰ ਢੰਗ ਨਾਲ ਨਿਵਾਜਦੇ ਰਹੇ ਉਥੇ ਖ਼ਾਲਕ ਦੀ ਖ਼ਲਕਤ ਪ੍ਰਤੀ ਸੰਵੇਦਨਾ ਅਤੇ ਪ੍ਰੇਮ ਵੀ ਮਨ ਉੱਤੇ ਠਾਠਾਂ ਮਾਰਦਾ ਰਿਹਾ। 'ਨਾ ਕੋ ਬੈਰੀ ਨਹੀ ਬਿਗਾਨਾ' ਦਾ ਆਪ ਜੀ ਨੇ ਕੇਵਲ ਪ੍ਰਚਾਰ ਹੀ ਨਹੀਂ ਕੀਤਾ ਸਗੋਂ ਗੁਰਬਾਣੀ ਦਾ ਅੱਖਰ-ਅੱਖਰ ਜਿਉਂ ਕੇ ਸੰਸਾਰ ਲਈ ਜੀਵਨ-ਪੈੜਾਂ ਸਿਰਜੀਆਂ।

ਅਜੋਕੇ ਸੰਸਾਰ ਵਿੱਚ ਜਦੋਂ ਕਿ ਸਭ ਪਾਸੇ 'ਦੁੱਖ ਕੀਆਂ ਪੰਡਾਂ' ਖੁੱਲ੍ਹੀਆਂ ਹੋਈਆਂ ਹਨ ਈਰਖਾ, ਦ੍ਵੈਤ, ਬੇ-ਇਖ਼ਲਾਕੀ, ਬੇ-ਨਿਆਈ, ਬੇ-ਵਿਸ਼ਵਾਸੀ ਦਾ ਆਲਮ ਛਾਇਆ ਹੋਇਆ ਹੈ। ਆਪਾ ਧਾਪੀ ਮੱਚੀ ਹੋਈ ਹੈ, ਵੱਡੀਆਂ ਮੱਛੀਆਂ ਛੋਟੀਆਂ ਮੱਛੀਆਂ ਨੂੰ ਖਾਣ ਲਈ ਤਰਲੋ ਮੱਛੀ ਹੋ ਰਹੀਆਂ ਹਨ। ਘੱਟ ਗਿਣਤੀਆਂ ਬੇਗਾਨਗੀ ਦੇ ਅਹਿਸਾਸ ਵਿਚ ਦਮ ਘੁੱਟ ਕੇ ਮਰਨ ਲਈ ਮਜ਼ਬੂਰ ਹਨ। ਧਰਮਾਂ, ਮਜ਼੍ਹਬਾਂ ਅਤੇ ਸੰਪਰਦਾਵਾਂ ਦੇ ਨਾਂ ਤੇ ਨਿੱਤ-ਦਿਨ ਖ਼ੂਨ ਖ਼ਰਾਬਾ ਹੋ ਰਿਹਾ ਹੈ। ਸਰਹੱਦਾਂ ਤੇ ਵਲੀਆਂ ਹੋਈਆਂ ਵਾੜਾਂ ਹੋਰ ਪੱਕੀਆਂ ਹੋ ਰਹੀਆਂ ਹਨ। ਮੈਂ ਮੇਰੀ ਵਿਚ ਫਾਥਾ ਮਨੁੱਖ ਉੱਪਰੋਂ-ਉੱਪਰੋਂ ਤਾਂ ਸ਼ਾਂਤੀ ਅਮਨ ਦਾ ਢੰਡੋਰਾ ਦੇ ਰਿਹਾ ਹੈ, ਪਰ ਅੰਦਰੋਂ-ਅੰਦਰ ਮਨੁੱਖਤਾ ਦੇ ਵਿਨਾਸ਼ ਵਾਸਤੇ ਬਾਰੂਦ ਗੋਲੀ ਬਨਾਉਣ ਦੇ ਕੋਝੇ ਆਹਰਾਂ ਵਿਚ ਜੁੱਟਿਆ ਪਿਆ ਹੈ। ਅਹਿੰਸਾ ਦਾ ਪ੍ਰਚਾਰ ਕਰਨ ਵਾਲੇ ਸ਼ਾਂਤੀ ਦੂਤ, ਬਘਿਆੜਾਂ ਦੀ ਤਰ੍ਹਾਂ ਹਿਰਨੀਆਂ ਵਿਚਾਰੀਆਂ ਨੂੰ ਝੱਫਣ ਲਈ ਸਹਿ ਲਾਈ ਬੈਠੇ ਹਨ। ਐਸੇ ਵਿਕਰਾਲ ਕਾਲ ਵਿੱਚ ਸਤਿਗੁਰੂ ਜਗਜੀਤ ਸਿੰਘ ਜੀ ਦੇ ਸੰਦੇਸ਼ਾਂ ਨੂੰ ਘਰ-ਘਰ ਤੱਕ ਪਹੁੰਚਾਉਣਾ ਸਮੇਂ ਦੀ ਮੁੱਖ ਲੋੜ ਹੈ। ਆਪ ਜੀ ਫਰਮਾਉਂਦੇ ਹਨ:-

"ਜੇ ਲੱਤ ਤੇ ਬਾਂਹ ਆਪਸ ਵਿੱਚ ਲੜ ਪੈਣ। ਬਾਂਹ ਆਖੇ ਲੱਤ ਨਹੀਂ ਚਾਹੀਦੀ ਤੇ ਲੱਤ ਆਖੇ ਬਾਂਹ ਨਹੀਂ ਚਾਹੀਦੀ ਬਾਂਹ ਨੂੰ ਚੁੱਕ ਕੇ ਲੱਤ ਨੇ ਲਿਜਾਣਾ ਏ ਤੇ ਜੇ ਲੱਤ ਤੇ ਸੱਟ ਵੱਜ ਜਾਏ ਤਾਂ ਬਾਂਹ ਨੇ ਉਹਦਾ ਉਪਚਾਰ ਕਰਨਾ ਏ, ਤੇ ਦੋਵੇਂ ਕੰਮ ਰਹਿ ਜਾਣਗੇ। ਇਸ ਵਾਸਤੇ ਸਭ ਨੂੰ ਆਪਸ ਵਿੱਚ ਮਿਲ ਕੇ ਰਹਿਣਾ ਚਾਹੀਦਾ ਹੈ ਅਤੇ ਆਪਣੇ-ਆਪਣੇ ਧਰਮ ਅਨੁਸਾਰ ਹਰ ਇੱਕ ਆਦਮੀ ਨੂੰ ਦੂਸਰੇ ਦੇ ਧਰਮ ਦਾ ਆਦਰ ਅਤੇ ਸਤਿਕਾਰ ਕਰਨਾ ਚਾਹੀਦਾ ਹੈ। ਆਪਣੇ ਧਰਮ ਵਿੱਚ ਰਹਿੰਦਿਆਂ ਹੋਇਆਂ ਇਹ

ਸਾਰਾ ਕੁਝ ਹੋ ਸਕਦਾ ਹੈ। ਸ਼ਰਾਬ ਖਾਨਿਆਂ ਵਾਲੇ, ਜੂਆ ਖੇਡਣ ਵਾਲੇ ਕੱਠੇ ਹੁੰਦੇ ਨੇ। ਚੋਰੀ ਕਰਨ ਵਾਲੇ, ਠੱਗੀ ਕਰਨ ਵਾਲੇ ਕੱਠੇ ਹੁੰਦੇ ਨੇ। ਨਾਮ ਜਪਣ ਵਾਲੇ ਕਿਉਂ ਨਹੀਂ ਕੱਠੇ ਹੁੰਦੇ ? ਅਕਾਲ ਪੁਰਖ ਜਿੱਥੇ ਪ੍ਰਗਟ ਹੁੰਦਾ ਹੈ, ਉਹ ਇਹ ਨਹੀਂ ਵੇਖਦਾ ਇਹ ਮੁਸਲਮਾਨ ਹੈ, ਇਹ ਹਿੰਦੂ ਹੈ ਜਾਂ ਕੌਣ ਹੈ ?"

ਗੁਰਬਾਣੀ ਵਿਚੋਂ ਜੋ ਸਾਨੂੰ ਪ੍ਰਾਪਤ ਹੁੰਦਾ ਹੈ- 'ਭਗਤ ਮੁਖੈ ਤੇ ਬੋਲਦੇ ਸੇ ਵਚਨ ਹੋਵੰਦੇ॥' ਜਿਹੜੀ ਗੱਲ ਭਗਤ ਮੂੰਹੋਂ ਆਖ ਦੇਵੇ, ਉਹ (ਪੂਰੀ) ਹੋ ਜਾਂਦੀ ਹੈ। ਉੱਥੇ ਇਹ ਨਹੀਂ ਲਿਖਿਆ:-

ਉਹ ਕੇਸਾਂ ਦਾੜ੍ਹੀ ਵਾਲਾ ਹੋਵੇ, ਮੋਨਾ ਹੋਵੇ, ਭਗਵੇ ਪਾਏ ਹੋਣ, ਚਿੱਟੇ ਪਾਏ ਹੋਣ। ਉਹ ਮੁਸਲਮਾਨ ਹੈ, ਉਹ ਹਿੰਦੂ ਹੈ, ਇਹ ਬਿਲਕੁਲ ਨਹੀਂ ਲਿਖਿਆ।

ਐਸ ਕੰਮ ਵਾਸਤੇ ਅਸੀਂ ਬੜੇ ਸੰਕੀਰਣ ਹੁੰਦੇ ਜਾਨੇ ਆਂ। ਇਸ ਨੂੰ ਦੂਰ ਕਰਨ ਵਾਸਤੇ ਨਾਮ ਜਪੋ, ਸਤਿਗੁਰਾਂ ਦੇ ਚਰਨਾਂ 'ਚ ਅਰਦਾਸ ਕਰੋ, ਪਈ ਸਾਨੂੰ ਸਾਰੇ ਥਾਈਂ ਸਤਿਗੁਰੂ ਦਿਸੇ।

ਸਭ ਆਪਣੇ ਆਪਣੇ ਤਰੀਕੇ ਨਾਲ ਇਬਾਦਤ ਕਰੋ। ਜਿਹੜਾ ਗੁਰੂ ਨਾਨਕ ਸਾਹਿਬ ਆਖਿਐ ਸਰਬੱਤ ਦਾ ਭਲਾ ਮੰਗੋ।

ਸਤਿਗੁਰੂ ਰਾਮ ਸਿੰਘ ਜੀ ਨੇ ਅਕਾਲ ਪੁਰਖ ਪਾਸੋਂ ਸਾਰੇ ਸੰਸਾਰ ਦਾ ਭਲਾ ਮੰਗਿਆ।

ਸਤਿਗੁਰੂ ਕਿਰਪਾ ਕਰੇ, ਅਸੀਂ ਸਾਰੇ ਇਕੱਠੇ ਹੋਈਏ। ਅਸੀਂ ਇਨਸਾਨ ਹਾਂ, ਬੜੀ ਅਜੀਬ ਗੱਲ ਹੈ, ਜਿਹੜੇ ਜਾਨਵਰ ਨੇ ਉਹ ਤਾਂ ਬੜੇ ਖ਼ੁਸ਼ ਰਹਿੰਦੇ ਨੇ। ਪਰ ਅਸੀਂ ਇੱਕ ਦੂਜੇ ਨੂੰ ਵੇਖ ਕੇ ਸੜਦੇ ਰਹਿੰਦੇ ਹਾਂ ਤੇ ਦੁਖੀ ਰਹਿੰਦੇ ਹਾਂ। ਅਸੀਂ ਆਪਣੇ ਧਰਮ ਵਿੱਚ ਪੱਕੇ ਹੋਈਏ। ਸਾਡੇ ਧਰਮ ਸਾਨੂੰ ਜੋੜਦੇ ਨੇ ਤੋੜਦੇ ਨਹੀਂ। ਮਿਲਬੇ ਦੀ ਮਹਿਮਾ ਤਾਂ ਗੁਰੂ ਸਾਹਿਬ ਨੇ ਆਖਿਆ ਹੈ ਕਿ ਆਖੀ ਨਹੀਂ ਜਾ ਸਕਦੀ।

ਸਿੱਖ ਪੰਥ ਨੂੰ ਇਸ ਗੱਲ ਦਾ ਫਖ਼ਰ ਹੈ ਕਿ ਸਾਡੇ ਪੂਰਵ ਸਤਿਗੁਰੂ ਸਾਹਿਬਾਨ ਨੇ ਅਤੇ ਪੂਰਵਜ ਮਹਾਂਪੁਰਖਾਂ ਨੇ 'ਸਭੈ ਘਟ ਰਾਮੁ ਬੋਲੈ' ਅਤੇ 'ਏਕੁ ਪਿਤਾ ਏਕਸ ਕੇ ਹਮ ਬਾਰਿਕ' ਦਾ ਪੈਗ਼ਾਮ ਸਾਰੇ ਵਿਸ਼ਵ ਨੂੰ ਦਿੱਤਾ। ਉਨ੍ਹਾਂ ਨੇ ਆਪਣੇ ਪਰਉਪਕਾਰੀ 'ਜੀਵਨ'ਜਗਤ ਕਲਿਆਣ ਲਈ ਬਿਨਾਂ ਵਿਤਕਰੇ ਨਿਛਾਵਰ ਕਰ ਦਿੱਤੇ। ਸਰਬੰਸ ਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਫੁਰਮਾਨ ਹੈ:

ਦੇਹੁਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ
ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ।
ਦੇਵਤਾ ਅਦੇਵ ਜੱਛ ਗੰਧ੍ਰਬ ਤੁਰਕ ਹਿੰਦੂ,
ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ।
ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ
ਖਾਕ ਬਾਦ ਆਤਸ ਔ ਆਬ ਕੋ ਰਲਾਉ ਹੈ।
ਅਲਹ ਅਭੇਖ ਸੋਈ ਪੁਰਾਨ ਔ ਕੁਰਾਨ ਓਈ
ਏਕ ਹੀ ਸਰੂਪ ਸਬੈ ਏਕ ਹੀ ਬਨਾਉ ਹੈ।

ਪਾਕਿਸਤਾਨ ਬਨਣ ਵੇਲੇ ਆਪ ਜੀ ਨੇ ਜਿੱਥੇ ਪੱਛਮੀ ਪੰਜਾਬ ਵਿੱਚੋਂ ਲੋਕਾਂ ਨੂੰ ਨਿਕਲਣ ਲਈ ਵਰ੍ਹਦੀਆਂ ਗੋਲੀਆਂ ਅਤੇ ਲੱਗੀਆਂ ਅੱਗਾਂ ਵਿਚ ਜਾ ਕੇ ਸੁਨੇਹੇ ਪਹੁੰਚਾਏ। ਉੱਥੇ ਹਿਜਰਤ ਕਰ ਰਹੇ ਮੁਸਲਮਾਨ ਭਰਾਵਾਂ ਦੀ ਜਾਨ ਮਾਲ ਦੀ ਹਿਫ਼ਾਜ਼ਤ ਵੀ ਕੀਤੀ। ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਇਹ ਵਾਸੂਦੇਵ ਕੁਟੰਬਕਮ ਭਾਵਨਾ ਦਾ ਹੀ ਨਤੀਜਾ ਸੀ ਕਿ ਕਿਸੇ ਨਾਮਧਾਰੀ ਨੇ ਕਿਸੇ ਵੀ ਉਜੱੜ ਕੇ ਜਾ ਰਹੇ ਮੁਸਲਿਮ ਵੀਰ ਦਾ ਜਾਨ ਮਾਲ ਦਾ ਕੋਈ ਨੁਕਸਾਨ ਨਹੀਂ ਕੀਤਾ।

1959 ਈ: ਵਿੱਚ ਗੁਰੂ ਨਾਨਕ ਦੇਵ ਦੇ ਰਾਜ ਯੋਗ ਤਖ਼ਤ ਤੇ ਬਿਰਾਜਮਾਨ ਹੋਣ ਤੋਂ ਛੇਤੀ ਬਾਅਦ ਆਪ ਜੀ ਨੇ ਕਮਿਊਨਿਸਟ ਗਰੁੱਪਾਂ ਵੱਲੋਂ ਚਲਾਈ ਵਿਸ਼ਵ ਅਮਨ ਲਹਿਰ ਵਿਚ ਵੱਡਾ ਯੋਗਦਾਨ ਪਾਇਆ। ਕਿਸੇ ਦੇ ਪੁੱਛਣ ਤੇ ਕਿ ਉਨ੍ਹਾਂ ਦਾ ਰੱਬ ਦੀ ਹੋਂਦ ਤੋਂ ਮੁਨਕਰ ਲੋਕਾਂ ਨਾਲ ਸੰਬੰਧ ਕਿਵੇਂ ਹੈ ? ਆਪ ਜੀ ਦਾ ਬੜਾ ਸਟੀਕ ਉੱਤਰ ਸੀ, "ਜੇ ਮੇਰੇ ਘਰ ਨੂੰ ਅੱਗ ਲੱਗੀ ਹੋਵੇ ਤਾਂ ਮੈਂ ਪਾਣੀ ਦੀ ਬਾਲਟੀ ਲਿਆਉਣ ਵਾਲੇ ਨੂੰ ਕਦੀ ਉਸਦੀ ਜਾਤਿ ਜਾਂ ਧਰਮ ਪੁਛਾਂਗਾ ? ਇਸ ਤਰ੍ਹਾਂ ਸਤਿਗੁਰੂ ਜੀ ਸਾਰੇ ਵਿਸ਼ਵ ਨੂੰ ਆਪਣਾ ਘਰ ਅਤੇ ਸਾਰੀ ਲੋਕਾਈ ਨੂੰ ਆਪਣਾ ਪਰਿਵਾਰ ਮੰਨ ਕੇ ਪਰ-ਕਲਿਆਣ ਲਈ ਸਦਾ ਤੱਤਪਰ ਰਹਿੰਦੇ।

**- ਨਿਸ਼ਾਨ ਸਿੰਘ ਕਥਾਵਾਚਕ**

# ਪ੍ਰਵਚਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ



ਸਤਿਗੁਰੂ ਜਗਜੀਤ ਸਿੰਘ ਜੀ ਸੱਚੇ ਪਾਤਸ਼ਾਹ ਬਹੁਪੱਖੀ ਸ਼ਖਸੀਅਤ ਸਨ। ਅਸੀਂ ਇਹ ਸੋਚ ਵੀ ਨਹੀਂ ਸਕਦੇ ਕਿ ਉਹਨਾਂ ਨੇ ਜ਼ਿੰਦਗੀ ਦੇ ਕਿਹੜੇ-ਕਿਹੜੇ ਪੱਖ 'ਤੇ ਕਿਰਪਾ ਕੀਤੀ। ਨਾਮ ਸਿਮਰਨ, ਗੁਰਬਾਣੀ ਤਾਂ ਹੈ ਹੀ, ਪਰ ਉਸ ਤੋਂ ਅੱਗੇ ਚੱਲਦਿਆਂ ਹੋਇਆਂ ਹਰ ਤਰ੍ਹਾਂ ਦੀ ਕਲਾ ਦੀ ਕਦਰ ਕੀਤੀ, ਕਲਾ ਨੂੰ ਪ੍ਰੋਤਸਾਹਿਤ ਕੀਤਾ, ਹਰ ਇੱਕ ਲੇਖਕ ਦੀ ਕਦਰ ਕੀਤੀ, ਹਰ ਇੱਕ ਸੰਗੀਤਕਾਰ ਨੂੰ ਬਹੁਤ ਪਿਆਰ ਦਿੱਤਾ।

ਮੈਂ ਅੱਜ ਗੱਲ ਕਰਨਾ ਚਾਹਵਾਂਗਾ ਕਿ ਸਤਿਗੁਰੂ ਜਗਜੀਤ ਸਿੰਘ ਜੀ ਨੇ ਖੇਡ ਤੇ ਖਿਡਾਰੀਆਂ ਨੂੰ ਕਿਸ ਤਰ੍ਹਾਂ ਪਿਆਰ ਕੀਤਾ, ਕਿਸ ਤਰ੍ਹਾਂ ਉਨ੍ਹਾਂ ਦੀ ਕਦਰ ਕੀਤੀ, ਉਹਨਾਂ ਖੇਡ ਦੇ ਰਾਹੀਂ ਵੀ ਸਿੱਖੀ ਦਾ ਪ੍ਰਚਾਰ ਕੀਤਾ। ਖ਼ਾਸ ਕਰਕੇ ਮੈਂ ਗੱਲ ਕਰਨੀ ਚਾਹਾਂਗਾ ਹਾਕੀ ਦੀ। ਸਤਿਗੁਰੂ ਸੱਚੇ ਪਾਤਸ਼ਾਹ ਦੀ ਕਿਰਪਾ ਨਾਲ ਹਾਕੀ ਦੀ ਟੀਮ ਬਣੀ ਤੇ ਹਾਕੀ ਦੀ ਟੀਮ ਨੂੰ ਸੱਚੇ ਪਾਤਸ਼ਾਹ ਨੇ ਆਪਣੇ ਮੁੱਖ ਮੰਤਵ ਸਿੱਖੀ ਦੇ ਪ੍ਰਚਾਰ ਲਈ ਵਰਤਿਆ। ਪਹਿਲਾਂ ਪਹਿਲ ਹਾਕੀ ਥੋੜ੍ਹੀ ਬਹੁਤ ਸ੍ਰੀ ਸਤਿਗੁਰੂ ਹਰੀ ਸਿੰਘ ਮਹਾਂ ਵਿਦਿਆਲਾ ਵਿੱਚ ਖੇਡੀ ਜਾਂਦੀ ਸੀ। ਜਿੱਥੇ ਬਿਨਾਂ ਕਿਸੇ ਕੋਚ ਤੋਂ ਜਿਸ ਤਰ੍ਹਾਂ ਪਿੰਡਾਂ ਵਿੱਚ ਮੁੰਡੇ ਖੇਡਦੇ ਹੁੰਦੇ ਨੇ, ਉਸ ਢੰਗ ਨਾਲ ਹੀ ਖੇਡੀ ਜਾਂਦੀ ਸੀ। ਸਤਿਗੁਰੂ ਜੀ ਯਤਨ ਕੀਤਾ, ਸਾਰਿਆਂ ਤੋਂ ਪਹਿਲਾਂ ਸਾਡੇ ਕੋਲ ਕੋਚ ਸ. ਪਾਲ ਸਿੰਘ ਜੀ ਆਏ, ਇਹ ਗੱਲ ਸ਼ਾਇਦ 1974-75 ਦੀ ਹੋਵੇਗੀ, ਉਦੋਂ ਮੈਂ ਵੀ ਹਾਕੀ ਖੇਡਦਾ ਹੁੰਦਾ ਸੀ ਅਤੇ ਇਲਾਕਾ ਜੀਵਨ ਨਗਰ ਦੇ ਕੁਝ ਹੋਰ ਮੁੰਡੇ ਖੇਡਦੇ ਹੁੰਦੇ ਸੀ। ਸ. ਪਾਲ ਸਿੰਘ ਜੀ ਸਾਡੇ ਕੋਲ ਕਰੀਬ ਇੱਕ ਸਾਲ ਰਹੇ।

ਇਸ ਤੋਂ ਬਾਅਦ ਬੜੀ ਚੰਗੀ ਤਰ੍ਹਾਂ ਹਾਕੀ ਸ਼ੁਰੂ ਕੀਤੀ ਗਈ 1977 ਦੇ ਕਰੀਬ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੀ ਕਿਰਪਾ ਨਾਲ ਨੌਜਵਾਨ ਬੱਚਿਆਂ ਨੂੰ ਇਕੱਠੇ ਕੀਤਾ ਗਿਆ, ਇਲਾਕਾ ਜੀਵਨ ਨਗਰ ਵਿੱਚ ਸੱਚੇ ਪਾਤਸ਼ਾਹ ਆਪ ਕਿਰਪਾ ਕੀਤੀ ਬੱਚਿਆਂ ਦੇ ਮਾਪਿਆਂ ਨੂੰ ਕਿਹਾ ਕਿ "ਬੱਚੇ ਸਾਨੂੰ ਦਿਉ, ਅਸੀਂ ਸਿੱਖੀ-ਸਰੂਪ ਵਿੱਚ ਰੱਖ ਕੇ ਇਨ੍ਹਾਂ ਨੂੰ ਹਾਕੀ ਖਿਡਾਉਣੀ ਏ।" ਮਾਪਿਆਂ ਨੇ ਵੀ ਸਾਥ ਦਿੱਤਾ। ਸ਼ੁਰੂ ਵਿੱਚ ਮੈਨੂੰ ਯਾਦ ਏ, ਜੀਵਨ ਨਗਰ ਵਿਖੇ ਇੱਕ ਕੋਚ ਸ. ਮੋਹਨਜੀਤ ਸਿੰਘ ਜੀ ਨੇ ਹਾਕੀ ਖਿਡਾਉਣੀ ਸ਼ੁਰੂ ਕੀਤੀ। ਉਸ ਤੋਂ ਬਾਅਦ ਹੋਰ ਕਈ ਕੋਚ ਸਾਹਿਬਾਨ ਆਉਂਦੇ ਰਹੇ।

ਇਹ ਟੀਮ 1978 ਦੇ ਕਰੀਬ ਸ੍ਰੀ ਭੈਣੀ ਸਾਹਿਬ ਆ ਗਈ। 1980 ਦੇ ਕਰੀਬ ਸਭ ਤੋਂ ਪਹਿਲਾਂ ਇਹ ਟੀਮ ਜਿਨ੍ਹਾਂ ਦੇ ਮੈਂਬਰ ਗੁਰਨਾਮ ਸਿੰਘ, ਦੀਦਾਰ ਸਿੰਘ, ਗੁਰਚਰਨ ਸਿੰਘ (ਦੋਵੇਂ), ਗੁਰਦੀਪ ਸਿੰਘ ਆਦਿ ਸਨ, ਇਹ ਹੁਣ ਆਪੋ ਆਪਣੀ ਜਗ੍ਹਾ ਸਾਰੇ ਸੈਟਲ ਨੇ, ਉਹ ਸਾਰਿਆਂ ਤੋਂ ਪਹਿਲੀ ਟੀਮ ਸੀ। ਉਸ ਤੋਂ ਬਾਅਦ 1980 ਦੇ ਵਿੱਚ ਇਸ ਟੀਮ ਨੇ ਜੂਨੀਅਰ ਨਹਿਰੂ ਹਾਕੀ ਟੂਰਨਾਮੈਂਟ ਜਿੱਤਿਆ। ਫਿਰ ਇਸ ਟੀਮ ਨੇ ਬਹੁਤ ਸਾਰੇ ਟੂਰਨਾਮੈਂਟ ਜਿੱਤੇ। ਉਹਨਾਂ ਦਿਨਾਂ ਵਿਚ ਵੇਖਣ ਵਾਲਿਆਂ ਵਾਸਤੇ ਸਿੱਖੀ ਪਹਿਰਾਵੇ ਕਰਕੇ ਇਹ ਟੀਮ ਇੱਕ ਖ਼ਾਸ ਅਟਰੈਕਸ਼ਨ ਬਣ ਗਈ ਸੀ, ਕਿਉਂਕਿ ਜਿਸ ਤਰ੍ਹਾਂ ਦੀ ਇਹਨਾਂ ਨੇ ਹਾਕੀ ਖੇਡੀ, ਉਸ ਟਾਈਮ ਐਸੀ ਹਾਕੀ ਦੇਖਣ ਨੂੰ ਨਹੀਂ ਸੀ ਮਿਲਦੀ। ਖਾਸ ਕਰਕੇ ਲੋਕ ਇਸ ਲਈ ਵੀ ਦੇਖਣ ਆਉਂਦੇ ਸੀ, ਇੱਕ ਇਹੋ ਟੀਮ ਸੀ ਜੋ ਪੂਰੇ ਸਿੱਖੀ-ਸਰੂਪ (ਪੱਗਾਂ ਤੇ ਕਛਹਿਰਿਆਂ ਦੀ ਧਾਰਨੀ) ਵਿੱਚ ਖੇਡਦੀ ਸੀ। ਖੇਡ ਦੇ ਮੈਦਾਨ ਵਿੱਚ ਸਭ ਤੋਂ ਪਹਿਲਾਂ ਇਹ ਟੀਮ ਕਛਹਿਰਾ ਲੈ ਕੇ ਗਈ ਸਭ ਤੋਂ ਪਹਿਲਾਂ ਇਹ ਟੀਮ ਗੁਰਮੁਖੀ ਦਸਤਾਰ ਲੈ ਕੇ ਗਈ। ਇਹ ਸਾਰੇ ਮੁੰਡੇ ਪੂਰੀ ਤਰ੍ਹਾਂ ਆਪਣੇ ਕੇਸ ਦਾੜ੍ਹੀ ਰੱਖਦੇ ਸੀ। ਇਹ ਚੀਜ਼ ਦੇਖਣ ਵਾਲਿਆਂ ਵਾਸਤੇ ਇੱਕ ਵੱਖਰੀ ਸੀ। ਸਿੱਖੀ ਵਿੱਚ ਰਹਿ ਕੇ ਜਿਸ ਤਰ੍ਹਾਂ ਦੀ ਇਹਨਾਂ ਨੇ ਹਾਕੀ ਖੇਡੀ, ਉਸ ਜੋਸ਼ ਭਰੀ ਖੇਡ ਨੂੰ ਲੋਕ ਬੜਾ ਪਸੰਦ ਕਰਦੇ ਸਨ। ਇਨ੍ਹਾਂ ਨੇ ਭਾਰਤ ਦੇ Major Tournament ਜਿੱਤੇ। ਜਦੋਂ ਨਾਮਧਾਰੀ ਟੀਮ ਚੰਗੀਆਂ-2 ਟੀਮਾਂ ਨਾਲ ਮੈਚ ਖੇਡਦੀ ਸੀ, ਓਦੋਂ ਤਾਂ ਦਰਸ਼ਕਾਂ ਦਾ ਹੜ੍ਹ ਆ ਜਾਂਦਾ।

ਭਾਰਤ ਤੋਂ ਬਾਹਰ ਪਹਿਲਾਂ 1989 ਵਿੱਚ ਫਿਰ 1992 ਵਿੱਚ ਦੋ ਵਾਰ ਯੂਰਪ ਦੇ ਦੌਰੇ ਕੀਤੇ। ਜੀਹਦੇ ਵਿੱਚ ਪਹਿਲੀ ਵਾਰੀ ਇੰਗਲੈਂਡ ਤੇ ਸਪੇਨ ਅਤੇ ਦੂਜੀ ਵਾਰੀ ਇੰਗਲੈਂਡ, ਹਾਲੈਂਡ ਤੇ ਬੈਲਜ਼ੀਅਮ ਗਏ। ਉੱਥੇ ਵੀ ਬਹੁਤ ਮੈਚ ਖੇਡੇ ਤੇ ਜਿੱਤੇ। ਉੱਥੇ ਭਾਰਤੀਆਂ ਤੋਂ ਬਿਨਾਂ ਜਿਹੜੇ ਇੰਗਲਿਸ਼ ਲੋਕ ਸਨ ਜਾਂ ਜਿਹੜੇ ਡੱਚ ਸਨ ਉਹਨਾਂ ਨੇ ਵੀ ਇਹਨਾਂ ਦੀ ਹਾਕੀ ਦੇਖਦਿਆਂ, ਇਨ੍ਹਾਂ ਦੀ ਖੇਡ ਨੂੰ ਬਹੁਤ ਜਿਆਦਾ ਸਲਾਹਿਆ। ਇੰਗਲੈਂਡ ਕੁਝ ਮੈਚਾਂ ਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸੱਚੇ ਪਾਤਸ਼ਾਹ ਨੇ ਆਪ ਵੀ

ਦਰਸ਼ਨ ਦਿੱਤੇ ਤੇ ਖੁਸ਼ੀਆਂ ਦਿੱਤੀਆਂ।

ਇਸ ਟੀਮ ਦੇ ਰਿਟਾਇਰ ਹੋਣ ਤੋਂ ਬਾਅਦ ਹਾਕੀ ਦਾ ਪ੍ਰਵਾਹ ਚੱਲਦਾ ਰਿਹਾ, ਫਿਰ ਇੱਕ ਹੋਰ ਟੀਮ ਬਣੀ ਤੇ ਉਸ ਤੋਂ ਬਾਅਦ ਫਿਰ ਜਿਹੜੀ ਤੀਜੀ ਟੀਮ ਬਣੀ, ਜਿਹਦੇ ਵਿੱਚ ਅਨਮੋਲਕ ਸਿੰਘ, ਸ਼ੇਰ ਸਿੰਘ, ਗੁਰਵਿੰਦਰ ਸਿੰਘ, ਅਜਮੇਰ ਸਿੰਘ ਖੇਡਦੇ ਰਹੇ, ਇਸ ਟੀਮ ਨੇ ਵੀ ਬਹੁਤ ਮੈਚ ਜਿੱਤੇ। ਇਸ ਟੀਮ ਨੇ ਬਹੁਤ ਸਾਰੇ ਟੂਰਨਾਮੈਂਟਾਂ ਵਿਚ ਖ਼ਾਸ ਕਰਕੇ ਜਵਾਹਰ ਲਾਲ ਨਹਿਰੂ ਹਾਕੀ ਟੂਰਨਾਮੈਂਟ, ਇੰਦਰਾ ਗਾਂਧੀ ਮੈਮੋਰੀਅਲ ਟੂਰਨਾਮੈਂਟ, ਮਹਾਰਾਜਾ ਰਣਜੀਤ ਸਿੰਘ ਟੂਰਨਾਮੈਂਟ, ਲਾਲ ਬਹਾਦਰ ਸ਼ਾਸਤਰੀ ਟੂਰਨਾਮੈਂਟ, ਖੇਡੇ ਤੇ ਜਿੱਤੇ। ਇਸ ਟੀਮ ਨੂੰ ਮੌਕਾ ਮਿਲਿਐ ਇਹਨਾਂ ਨੇ United States of Amrerica ਵੀ Visit ਕੀਤਾ। ਉੱਥੇ ਇੱਕ ਚੰਗਾ ਟੂਰਨਾਮੈਂਟ ਹੁੰਦਾ ਏ Cal Cup ਦੇ ਨਾਂ 'ਤੇ, ਉਹ ਵੀ ਇਹਨਾਂ ਦੋ ਵਾਰੀ ਜਿੱਤਿਆ। ਇਸ ਟੀਮ ਤੋਂ ਬਾਅਦ ਇੱਕ ਜੇ ਮੈਂ ਕਹਿ ਲਵਾਂ ਕਿ ਟੀਮ ਨੰਬਰ 4 ਤੇ 5 ਵੀ ਬਣੀਆਂ ਅਤੇ ਉਹਨਾਂ ਵਿੱਚੋਂ ਵੀ ਬਹੁਤ ਚੰਗੇ ਖਿਡਾਰੀ ਨਿਕਲੇ। ਇਨ੍ਹਾਂ ਨੌਜਵਾਨਾਂ ਵਿੱਚੋਂ ਸ਼ਾਇਦ ਜੇ ਮੈਂ ਕਹਿ ਲਵਾਂ ਕਿਸੇ ਨਾ ਕਿਸੇ ਲੈਵਲ ਤੇ 8-10 ਜਾਣਿਆਂ ਨੇ ਇੰਡੀਆ ਨੂੰ Represent ਕੀਤਾ। ਭਾਰਤ ਵੱਲੋਂ ਖੇਡੇ, ਓਲੰਪਿਕ ਖੇਡੇ, ਵਿਸ਼ਵ ਕੱਪ ਖੇਡੇ, ਏਸ਼ੀਅਨ ਗੇਮਜ਼ ਖੇਡੇ, ਅਲੱਗ-ਅਲੱਗ ਟੂਰਨਾਮੈਂਟਾਂ ਵਿੱਚ ਉਨ੍ਹਾਂ ਨੇ ਭਾਗ ਲਿਆ। ਬੜੇ ਮਾਣ ਦੀ ਗੱਲ ਏ, ਬੜਾ ਚੰਗਾ ਲੱਗਦਾ ਏ, ਉਹਨਾਂ ਵਿੱਚੋਂ ਕੁਝ ਬੱਚਿਆਂ ਨੇ ਸਿੱਧੀ ਦਸਤਾਰ ਬੰਨ੍ਹ ਕੇ ਭਾਰਤ ਨੂੰ Represent ਕੀਤਾ। ਸਭ ਤੋਂ ਵੱਡੀ ਗੱਲ ਕਿ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਜੀ ਦੀਆਂ ਖੁਸ਼ੀਆਂ ਲਈਆਂ। ਇਹ ਚੀਜ਼ ਦਿਖਾਈ ਕਿ ਸਿੱਖੀ ਵਿੱਚ ਰਹਿ ਕੇ ਆਪਣੇ ਅਸੂਲਾਂ 'ਤੇ ਚਲਦਿਆਂ ਹੋਇਆਂ ਵੀ ਇਹ ਪ੍ਰਾਪਤੀ ਕੀਤੀ ਜਾ ਸਕਦੀ ਹੈ। ਸਾਡਾ ਬੜੀਆਂ ਛੋਟੀਆਂ-ਛੋਟੀਆਂ ਗੱਲਾਂ 'ਤੇ ਦੁਨੀਆਂ ਵੱਲ ਦੇਖ ਕੇ ਆਪਣਾ ਵਿਸ਼ਵਾਸ ਗਿਰ ਜਾਂਦਾ ਹੈ। ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਦੀ ਕਿਰਪਾ ਨਾਲ ਹਾਲੇ ਵੀ ਮੈਂ ਇਹ ਕਹਿਣਾ ਚਾਹਵਾਂਗਾ ਕਿ ਸਾਰੇ ਇੱਕੋ ਜਿਹੇ ਨਹੀਂ ਹੁੰਦੇ। ਪਰ ਉਹਨਾਂ ਦੀ ਕਿਰਪਾ ਨਾਲ ਕੁਝ ਖਿਡਾਰੀਆਂ ਨੇ ਆਪਣੇ ਵੱਲੋਂ ਪੂਰੀ ਤਰ੍ਹਾਂ ਸਿੱਖੀ ਵਿੱਚ ਰਹਿੰਦਿਆਂ ਹੋਇਆਂ, ਇਹ ਮੱਲਾਂ ਮਾਰੀਆਂ। ਇਸ ਤਰ੍ਹਾਂ ਭਾਰਤ ਨੂੰ Represent ਕੀਤਾ। ਇਹਨਾਂ ਪੁਰਾਣੇ players ਵਿੱਚੋਂ ਬਹੁਤ ਸਾਰੇ ਅੱਜ ਆਪੋ-ਆਪਣੇ ਕੰਮਾਂ ਵਿੱਚ ਬੜੀ ਚੰਗੀ ਤਰ੍ਹਾਂ ਸੈਟਲ ਹੋ ਚੁੱਕੇ ਹਨ। ਬਹੁਤ ਸਾਰੇ ਲੜਕੇ ਅਮਰੀਕਾ, ਕੈਨੇਡਾ ਆਦਿ ਬਾਹਰਲੇ ਦੇਸ਼ਾਂ ਵਿੱਚ ਵੀ ਨੇ। ਖੁਸ਼ੀ ਦੀ ਗੱਲ ਇਹ ਹੈ ਕਿ ਅੱਜ ਵੀ ਬੜੀ ਚੰਗੀ ਤਰ੍ਹਾਂ ਸਿੱਖੀ ਨਾਲ ਜੁੜੇ ਨੇ, ਸਿੱਖੀ ਦੀ ਸੇਵਾ ਕਰਦੇ ਨੇ, ਸਿੱਖ ਹੋਣ ਦਾ ਮਾਣ ਮਹਿਸੂਸ ਕਰਦੇ ਨੇ, ਇਹ ਕਿਰਪਾ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਜੀ ਦੀ ਹੈ। ਜਿਹੜੀ ਅਖੀਰ ਤੇ ਵੀ ਟੀਮ ਖੇਡੀ ਤੇ ਇਸ ਤੋਂ ਪਹਿਲਾਂ ਵੀ ਜਿਹੜੀ ਟੀਮ ਖੇਡੀ ਉਹਦੇ ਵਿੱਚੋਂ ਵੀ ਜਿਨ੍ਹਾਂ ਵਿੱਚ ਹਰਪ੍ਰੀਤ ਨਾਗਰਾ, ਮਾਲਕ ਸਿੰਘ, ਗੁਰਮੇਲ ਸਿੰਘ ਅਦਿ ਸਨ, ਉਹਨਾਂ ਇੰਡੀਆ ਦੀ ਹਾਕੀ ਲੀਗ ਵੀ ਖੇਡੀ ਤੇ ਨੈਸ਼ਨਲ ਟੀਮ ਵਲੋਂ ਵੀ ਕਈਆਂ ਨੇ ਜੂਨੀਅਰ ਵਿੱਚ, ਕਈਆਂ ਨੇ ਸੀਨੀਅਰ ਵਿੱਚ ਭਾਗ ਲਿਆ।

ਕੁਝ ਹਾਲਾਤਾਂ ਕਰਕੇ ਹੁਣ ਟੀਮ ਓਨੇ ਜ਼ੋਰ ਨਾਲ ਨਹੀਂ ਚੱਲ ਰਹੀ, ਉਹਦਾ ਮੁੱਖ ਕਾਰਨ ਇਹ ਹੈ ਕਿ ਭਾਰਤ ਵਿੱਚ ਵਾਪਰ ਰਹੇ ਹਾਕੀ ਦੇ ਜੋ ਹਾਲਾਤ ਨੇ, ਉਹ ਓਨੇ ਅਨੁਕੂਲ ਨਹੀਂ, ਟੂਰਨਾਮੈਂਟ ਹੋਣੇ ਘੱਟ ਹੋ ਗਏ ਹਨ। ਇਸ ਕਰਕੇ ਹਾਲਾਤ ਉਸ ਤਰ੍ਹਾਂ ਦੇ ਨਹੀਂ ਰਹੇ ਕਿ ਅਸੀਂ ਉਨੇ ਜ਼ੋਰ ਨਾਲ ਹਾਕੀ ਚਲਾ ਸਕੀਏ। ਪਰ ਹੁਣ ਵੀ ਸੱਚੇ ਪਾਤਸ਼ਾਹ ਜੀ ਦੀ ਕਿਰਪਾ ਨਾਲ ਜੀਵਨ ਨਗਰ ਵਿੱਚ ਵੀ ਹਾਕੀ ਖੇਡੀ ਜਾ ਰਹੀ ਹੈ ਤੇ ਸ੍ਰੀ ਭੈਣੀ ਸਾਹਿਬ ਵਿੱਚ ਵੀ ਹਾਕੀ ਚੱਲ ਰਹੀ ਹੈ। ਦੋਨੋਂ ਜਗ੍ਹਾ ਐਸਟਰੋਟਰਫ ਲੱਗੇ ਹੋਏ ਹਨ। ਬੜੀ ਖੁਸ਼ੀ ਦੀ ਗੱਲ ਹੈ ਕਿ ਜਿਹੜੇ ਪੁਰਾਣੇ Players ਖੇਡੇ ਨੇ, ਅੱਜ ਅਸੀਂ ਸੱਚੇ ਪਾਤਸ਼ਾਹ ਜੀ ਦੀ ਕਿਰਪਾ ਨਾਲ ਇੱਕ ਫੁੱਟਬਾਲ ਦੀ ਅਕੈਡਮੀ ਸ਼ੁਰੂ ਕੀਤੀ ਏ, ਹਾਕੀ ਵਾਲੇ ਪੁਰਾਣੇ ਖਿਡਾਰੀ ਬੜੀ ਖੁਸ਼ੀ ਨਾਲ ਉਸ ਅਕੈਡਮੀ ਵਿੱਚ ਜਿੰਨੀ ਵੀ ਹੋ ਸਕਦੈ, ਆਪ ਆ ਕੇ ਵੀ ਸੇਵਾ ਕਰਦੇ ਨੇ ਤੇ ਹੋਰ ਵੀ ਹਰ ਤਰ੍ਹਾਂ ਦੀ ਸੇਵਾ ਕਰਾਉਂਦੇ ਨੇ, ਜੇ ਕੋਈ ਕੋਚਿੰਗ ਕਰਨੀ ਹੋਵੇ ਤਾਂ ਵੀ ਕਰਵਾਉਂਦੇ ਨੇ। ਫੁੱਟਬਾਲ ਅਕੈਡਮੀ ਵਾਸਤੇ ਉਹ ਪੈਸੇ ਵੀ ਦਿੰਦੇ ਨੇ, ਜੇ ਅਸੀਂ ਕੋਈ ਕੰਮ ਕਰਨਾ ਹੋਵੇ ਤਾਂ ਅੱਗੇ ਹੋ ਕੇ ਬੜੇ ਉਤਸ਼ਾਹ ਨਾਲ ਕਰਦੇ ਹਨ।

ਅਗਲੇ ਸਾਲ ਦਾ ਹੋਲਾ ਵੀ ਨਾਮਧਾਰੀ ਹਾਕੀ ਟੀਮ ਕਰਵਾ ਰਹੀ ਏ। ਇਹ ਸੱਚੇ ਪਾਤਸ਼ਾਹ ਜੀ ਨੇ ਕਿਰਪਾ ਕੀਤੀ, ਜਿਸ ਤਰ੍ਹਾਂ ਹਾਕੀ ਟੀਮ ਨੂੰ ਵਰੋਸਾਇਆ, ਉਸੇ ਤਰ੍ਹਾਂ ਬੈਡਮਿੰਟਨ ਵਾਲੇ ਬੱਚਿਆਂ 'ਤੇ ਵੀ ਸੱਚੇ ਪਾਤਸ਼ਾਹ ਜੀ ਨੇ ਬਹੁਤ ਕਿਰਪਾ ਕੀਤੀ, ਉਹ ਵੀ ਬੜਾ ਚੰਗੇ ਖੇਡੇ। ਬੈਡਮਿੰਟਨ ਦੀ ਅਕੈਡਮੀ ਵੀ ਉਨ੍ਹਾਂ ਦੀ ਕਿਰਪਾ ਨਾਲ ਚੱਲ ਰਹੀ ਏ, ਹੁਣ।

ਇਹ ਜਿਹੜੀ ਹੁਣ ਅਸੀਂ ਫੁੱਟਬਾਲ ਦੀ ਅਕੈਡਮੀ ਸ਼ੁਰੂ ਕੀਤੀ ਏ। ਅਸੀਂ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿੱਚ ਅਰਦਾਸ ਕਰਦੇ ਹਾਂ ਕਿ ਇਹ ਬੱਚੇ ਸਭ ਤੋਂ ਪਹਿਲਾਂ ਸਿੱਖ ਰਹਿਣ। ਸਿੱਖੀ ਵਿੱਚ ਰਹਿੰਦਿਆਂ ਹੋਇਆਂ, ਜਿਸ ਤਰ੍ਹਾਂ ਹਾਕੀ ਟੀਮ ਨੇ ਨਾਮ ਰੌਸ਼ਨ ਕੀਤਾ ਹੈ, ਉਸ ਤਰ੍ਹਾਂ ਹੀ, ਉਸ ਤੋਂ ਵੀ ਜਿਆਦਾ ਇਹ ਬੱਚੇ ਸਿੱਖੀ ਦਾ, ਨਾਮਧਾਰੀਆਂ ਦਾ, ਦੇਸ ਦਾ ਨਾਮ ਰੌਸ਼ਨ ਕਰ ਸਕਣ। ਸੱਚੇ ਪਾਤਸ਼ਾਹ ਜੀ ਦੀਆਂ ਖੁਸ਼ੀਆਂ ਲੈ ਸਕਣ। ਸਿੱਖੀ ਵਿੱਚ ਰਹਿੰਦੇ ਹੋਏ ਇਹ ਬਹੁਤ ਜਿੱਤਾਂ ਪ੍ਰਾਪਤ ਕਰ ਸਕਣ।

..................................................

# ਗੁਰਮਤਿ ਫਲਸਫਾ, ਸਤਿਗੁਰੂ ਜਗਜੀਤ ਸਿੰਘ ਜੀ

## ਖੇਡਾਂ ਅਤੇ ਉਦੇਸ਼

**-ਹਰਪਾਲ ਸਿੰਘ ਸੇਵਕ**

ਸਤਿਗੁਰੂ ਜਗਜੀਤ ਸਿੰਘ ਜੀ ਕੇਵਲ ਅਧਿਆਤਮਕ ਰਹਿਨੁਮਾ ਹੀ ਨਹੀਂ ਸਗੋਂ ਸਮੁੱਚੀ ਮਾਨਵਤਾ ਲਈ ਮਾਰਗ ਦਰਸ਼ਕ ਅਤੇ ਪ੍ਰੇਰਣਾ ਸਰੋਤ ਸਨ। ਸਤਿਗੁਰੂ ਗੁਣਾਂ ਦਾ ਸਾਗਰ ਹੁੰਦਾ ਹੈ, ਉਸਦੇ ਗੁਣਾਂ ਦਾ ਪਾਰਾਵਾਰ ਪਾ ਸਕਣਾ ਮਨੁੱਖੀ ਬੁੱਧੀ ਦੀ ਸਮਰੱਥਾ ਤੋਂ ਬਾਹਰ ਦੀ ਗੱਲ ਹੈ, ਜਿਵੇਂ ਵਰਖਾ ਦੀਆਂ ਬੂੰਦਾਂ ਅਤੇ ਸਾਗਰ ਦੀਆਂ ਲਹਿਰਾਂ ਨੂੰ ਕੋਈ ਗਿਣ ਤੇ ਨਹੀਂ ਸਕਦਾ ਪਰ ਉਨ੍ਹਾਂ ਦਾ ਅਨੰਦ ਮਾਣਿਆ ਜਾ ਸਕਦਾ ਹੈ। ਸਤਿਗੁਰੂ ਜੀ ਦੇ ਜੀਵਨ ਸਾਗਰ ਦੇ ਅਨੇਕਾਂ ਪਹਿਲੂਆਂ ਚੋਂ ਕੇਵਲ ਕੁਝ ਕੁ ਬੂੰਦਾਂ, ਖੇਡਾਂ ਪ੍ਰਤੀ ਆਪ ਜੀ ਦਾ ਦ੍ਰਿਸ਼ਟੀਕੋਣ ਅਤੇ ਉਦੇਸ਼ ਬਾਰੇ ਸੰਖੇਪ ਜਿਹੀ ਵਿਆਖਿਆ ਕਰਨ ਦਾ ਯਤਨ ਹੈ, ਇਸ ਛੋਟੇ ਜਿਹੇ ਲੇਖ ਵਿੱਚ।

ਸਤਿਗੁਰੂ ਜਗਜੀਤ ਸਿੰਘ ਜੀ ਦਾ ਛਾਂਟਵਾਂ ਸਰੀਰ, ਮਜ਼ਬੂਤ ਜੁੱਸਾ, ਫੁਰਤੀਲੀ ਚਾਲ ਅਤੇ ਮੁੱਖ ਮੰਡਲ ਤੇ ਸਦਾ ਬਹਾਰ ਮੁਸਕਾਨ, ਗੁਲਾਬ ਦੀ ਸੁਗੰਧੀ ਵਾਂਗ ਚੁਫੇਰੇ ਨੂੰ ਖੇੜਾ ਬਖਸ਼ਦੀ, ਪ੍ਰੇਮ-ਪਰੁੱਚੇ ਬੋਲ ਹਰ ਕਿਸੇ ਨੂੰ ਕੀਲ ਲੈਂਦੇ, ਅਪਣੱਤ ਦਾ ਅਹਿਸਾਸ ਕਰਵਾਉਂਦੇ। ਇੱਕ ਵਾਰ ਵੀ ਜੋ ਆਪ ਜੀ ਦੇ ਸੰਪਰਕ ਵਿੱਚ ਆਇਆ, ਉਹ ਆਪ ਜੀ ਦੇ ਪ੍ਰੇਮ-ਪਾਸ਼ ਵਿੱਚ ਬੱਝ ਗਿਆ, ਸਦਾ ਵਾਸਤੇ ਆਪ ਜੀ ਦਾ ਹੋ ਗਿਆ। ਸੇਵਾ-ਸਿਮਰਨ, ਸਾਦਗੀ, ਸਰਲਤਾ ਅਤੇ ਸਵੱਛਤਾ ਆਪ ਜੀ ਦਾ ਸਹਿਜ ਸੁਭਾਅ ਸੀ। ਖੇਡ ਦੀ ਭਾਵਨਾ ਨਾਲ ਖੇਡੀ ਗਈ ਖੇਡ ਅਤੇ ਕੀਤੇ ਵਧੀਆ ਪ੍ਰਦਰਸ਼ਨ ਵਾਂਗ ਸਤਿਗੁਰੂ ਜਗਜੀਤ ਸਿੰਘ ਜੀ ਦਾ ਸਮੁੱਚਾ ਜੀਵਨ ਹੀ ਗੁਰਮਤਿ ਫਲਸਫੇ ਦੀ ਵਿਆਖਿਆ ਅਤੇ ਗੁਰਸਿੱਖੀ ਜੀਵਨ ਦੀਆਂ ਅਮਿੱਟ-ਪੈੜਾਂ ਹਨ।

ਗੁਰਮਤਿ ਜੀਵਨ ਸ਼ੈਲੀ ਮਨੁੱਖ ਤੋਂ ਪੂਰਨ ਮਨੁੱਖ ਬਣਨ ਦਾ ਸਿਧਾਂਤ ਹੈ। ਇਸ ਲਈ ਖੇਡਾਂ ਜੋ ਕਿ ਮਨੁੱਖੀ ਸ਼ਖਸੀਅਤ ਦਾ ਅਨਿੱਖੜਵਾਂ ਅੰਗ ਹਨ, ਸਿੱਖੀ-ਸੱਭਿਆਚਾਰ ਵਿੱਚ ਵੀ ਖੇਡਾਂ ਦਾ ਵਿਸ਼ੇਸ਼ ਮਹੱਤਵ ਹੈ ਕਿਉਂਕਿ ਮਨ ਅਤੇ ਸਰੀਰ ਕਰਕੇ ਤੰਦਰੁਸਤ ਅਤੇ ਬਲਵਾਨ ਹੋਣਾ ਸਫਲ ਜੀਵਨ ਦੀ ਮੁੱਢਲੀ ਲੋੜ ਹੈ। ਮਾਨਸਿਕ ਸ਼ਾਂਤੀ, ਸਰੀਰਕ ਤੰਦਰੁਸਤੀ ਅਤੇ ਖੁਸ਼ੀਆਂ ਖੇੜਿਆਂ ਦਾ ਮੂਲ ਸਰੋਤ ਹਨ ਖੇਡਾਂ। ਵੱਡੇ ਉਦੇਸ਼ਾਂ ਲਈ ਸਾਂਝੇ ਯਤਨਾਂ ਦੀ ਪ੍ਰੇਰਣਾ ਅਤੇ ਟੀਮ-ਵਰਕ ਦੀ ਭਾਵਨਾ ਵੀ ਸਾਨੂੰ ਖੇਡ ਦੇ ਮੈਦਾਨ ਚੋਂ ਹੀ ਮਿਲਦੀ ਹੈ।

ਗੁਰਮਤਿ ਸਿਧਾਂਤ ਘਰ-ਪਰਵਾਰ ਛੱਡ ਕੇ ਜੰਗਲਾਂ ਬੇਲਿਆਂ ਵਿੱਚ ਜਾ ਕੇ ਮੁਕਤੀ ਪ੍ਰਾਪਤ ਕਰਨ ਦਾ ਮਾਰਗ ਨਹੀਂ ਸਗੋਂ ਗ੍ਰਹਿਸਤ ਜੀਵਨ ਵਿੱਚ ਰਹਿੰਦਿਆਂ ਘਰ-ਪਰਵਾਰ, ਸਮਾਜ ਅਤੇ ਦੇਸ਼ ਕੌਮ ਲਈ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਂਦਿਆਂ ਪ੍ਰਭੂ ਪ੍ਰਾਪਤੀ ਦਾ ਸਹਿਜ ਮਾਰਗ ਹੈ। ਪੂਰੇ ਸਤਿਗੁਰੂ ਨੂੰ ਮਿਲ ਕੇ 'ਗੁਰ ਮਿਲਿ ਚਜੁ ਆਚਾਰੁ ਸਿਖੁ' ਜੀਵਨ ਜੀਊਣ ਦਾ ਚੱਜ ਸਿੱਖ ਕੇ ਜੀਵਨ ਦੀ ਖੇਡ ਨੂੰ ਜਿੱਤਣਾ ਹੀ ਗੁਰਮਤਿ ਹੈ। ਪੰਚਮ ਪਾਤਸ਼ਾਹ ਸਤਿਗੁਰੂ ਅਰਜਨ ਦੇਵ ਜੀ ਦਾ ਰਾਗ ਗੂਜਰੀ ਵਿੱਚ ਵਾਕ ਹੈ-

ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥
ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ ॥

ਦੂਸਰੇ ਪਾਤਸ਼ਾਹ ਗੁਰੂ ਅੰਗਦ ਦੇਵ ਜੀ ਨੇ ਜਿੱਥੇ ਵਿੱਦਿਆ ਦਾ ਪ੍ਰਚਾਰ-ਪ੍ਰਸਾਰ ਕੀਤਾ, ਉੱਥੇ ਚੰਗੀ ਸਿਹਤ ਵਾਸਤੇ ਮੱਲ ਅਖਾੜੇ ਸ਼ੁਰੂ ਕੀਤੇ। ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਜੀ ਨੇ ਭਗਤੀ ਨਾਲ ਸ਼ਕਤੀ ਦਾ ਸੁਮੇਲ ਕਰਕੇ ਯੁੱਧ ਕਲਾ ਵਿੱਚ ਸਿੱਖਾਂ ਨੂੰ ਪ੍ਰਬੀਨ ਕੀਤਾ। ਕਲਗੀਧਰ ਪਾਤਸ਼ਾਹ ਸਾਹਿਬ ਗੁਰੂ ਗੋਬਿੰਦ ਸਿੰਘ ਨੇ ਹੋਲੀ ਦੇ ਤਿਉਹਾਰ ਨੂੰ ਹੋਲੇ ਮਹੱਲੇ ਦਾ ਰੂਪ ਦੇ ਕੇ ਮਹੱਲਾ ਖੇਡਣਾ, ਹਮਲਾ ਕਰਨਾ ਸਿਖਾਇਆ ਅਤੇ ਜ਼ੁਲਮ ਦਾ ਮੁਕਾਬਲਾ ਕਰਨ ਲਈ ਸਿੱਖਾਂ ਨੂੰ ਸਿੰਘ ਸਰੂਪ ਬਖਸ਼ਿਆ। ਸਤਿਗੁਰੂ ਹਰੀ ਸਿੰਘ ਜੀ ਦੇ ਸਮੇਂ ਸਖਤੀਆਂ ਅਤੇ ਬੰਦਿਸ਼ਾਂ ਦੇ ਦੌਰ ਤੋਂ ਬਾਅਦ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਸਖਤੀਆਂ ਕੁਝ ਘਟੀਆਂ ਤਾਂ ਆਪ ਨੇ ਸਿੱਖੀ-ਸੱਭਿਆਚਾਰ ਨੂੰ ਹਰ ਪਹਿਲੂ ਤੋਂ ਪੁਨਰ ਸਥਾਪਿਤ ਕਰਨ ਲਈ ਅਨੇਕਾਂ ਸਫਲ ਯਤਨ ਕੀਤੇ। ਆਪ ਜੀ ਨੇ ਜਿੱਥੇ ਨਾਮ-ਬਾਣੀ ਦੇ ਮਹਾਨ ਯੱਗ ਕਰਵਾਏ, ਉੱਥੇ ਆਪ ਸਿੱਖਾਂ ਨੂੰ ਚੰਗੀ ਖੁਰਾਕ ਖਾਣ, ਕਸਰਤ ਕਰਨ ਅਤੇ ਸਿਹਤ ਸੰਭਾਲਣ ਲਈ ਉਚੇਚੀ ਪ੍ਰੇਰਣਾ ਦੇਂਦੇ। ਸਤਿਗੁਰੂ ਪ੍ਰਤਾਪ ਸਿੰਘ ਜੀ ਆਪ ਘੁਲਦੇ, ਗਤਕਾ ਖੇਡਦੇ, ਘੋੜ ਸਵਾਰੀ, ਨੇਜ਼ਾਬਾਜੀ, ਕਿੱਲਾ ਫੁੰਡਣਾ, ਤੈਰਾਕੀ ਆਦਿ ਵਿੱਚ ਆਪ ਨੂੰ ਮੁਹਾਰਤ ਹਾਸਲ ਸੀ।

ਆਪ ਜੀ ਨੂੰ ਘੋੜੇ ਪਾਲਣ ਦਾ ਬਹੁਤ ਸ਼ੌਕ ਸੀ ਫਿਰ

ਆਪ ਨੇ ਘੋੜ ਦੌੜਾਂ ਵਿੱਚ ਭਾਗ ਲੈਣਾ ਸ਼ੁਰੂ ਕੀਤਾ ਫਿਰ ਆਪ ਨੇ ਘੋੜ ਦੌੜਾਂ ਵਿੱਚ ਭਾਗ ਲੈਣ ਦਾ ਵੀ ਆਪ ਜੀ ਦਾ ਉਦੇਸ਼ ਦੇਸ਼ ਵਾਸੀਆਂ ਨੂੰ ਆਪਣੀ ਸਮਰੱਥਾ, ਸਵੈਮਾਨ ਅਤੇ ਬੀਰਤਾ ਦਾ, ਜਿੱਤ ਦਾ ਅਹਿਸਾਸ ਕਰਵਾਉਣਾ ਹੁੰਦਾ ਸੀ। ਜਦੋਂ ਆਪ ਜੀ ਨੇ ਅੰਗਰੇਜ਼ਾਂ ਵਲੋਂ ਨਿਕੰਮਾ ਕਰਾਰ ਦਿੱਤਾ ਘੋੜਾ ਖਰੀਦਿਆ, ਉਸਦਾ ਇਲਾਜ ਕੀਤਾ, ਠੀਕ ਕਰਕੇ, ਚੰਗੀ ਸੇਵਾ ਸੰਭਾਲ ਅਤੇ ਵਧੀਆ ਟਰੇਨਿੰਗ ਦਿੱਤੀ, ਉਸਦਾ ਨਾਮ ਰੱਖਿਆ 'ਜੈ ਭਾਰਤ' ਅਗਲੇ ਵਰ੍ਹੇ ਉਸੇ ਘੋੜੇ ਨੇ ਜਦੋਂ ਅੰਗਰੇਜ਼ ਵਾਇਸਰਾਇ ਦੀ ਮੇਮ ਦੀ ਘੋੜੀ ਨੂੰ ਹਰਾ ਕੇ ਜਿੱਤ ਹਾਸਲ ਕੀਤੀ ਤਾਂ ਸਭ ਦੀ ਹੈਰਤ ਗੁੰਮ ਹੋ ਗਈ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ 'ਜੈ ਭਾਰਤ' ਵਰਗੇ ਘੋੜਿਆਂ ਦੀ ਜਿੱਤ ਭਾਰਤੀਆਂ ਚੋਂ ਹੀਣ ਭਾਵਨਾ ਖਤਮ ਕਰਕੇ ਗੋਰਿਆਂ ਨਾਲੋਂ ਬੁੱਧੀਮਾਨ ਤੇ ਬਲਵਾਨ ਹੋਣ ਦਾ ਅਹਿਸਾਸ ਕਰਵਾਉਂਦੀ। ਉਹਨਾਂ ਨੂੰ ਮਹਿਸੂਸ ਹੁੰਦਾ ਕਿ ਹੁਣ ਅਸੀਂ ਅਜ਼ਾਦੀ ਦੀ ਜੰਗ ਵੀ ਜਿੱਤ ਲਵਾਂਗੇ। ਇਹ ਸਮਾਂ ਸੀ ਜਦੋਂ ਵੀਹਵੀਂ ਸਦੀ ਦੇ ਦੂਸਰੇ, ਤੀਸਰੇ, ਚੌਥੇ ਅਤੇ ਪੰਜਵੇਂ ਦਹਾਕੇ ਵਿੱਚ ਭਾਰਤ ਵਿੱਚ ਆਜ਼ਾਦੀ ਸੰਘਰਸ਼ ਜ਼ੋਰਾਂ ਤੇ ਸੀ। ਅਜੇਹੇ ਸੰਘਰਸ਼ ਮਈ ਦੌਰ ਸਮੇਂ ਸਾਹਿਬਜ਼ਾਦਾ ਬੇਅੰਤ ਜੀ (ਸਤਿਗੁਰੂ ਜਗਜੀਤ ਸਿੰਘ ਜੀ) ਦਾ ਪ੍ਰਕਾਸ਼ ਹੋਇਆ, ਬਚਪਨ ਬੀਤਿਆ ਅਤੇ ਜਵਾਨ ਹੋਏ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੀ ਛਤਰ-ਛਾਇਆ ਹੇਠ ਜਿੱਥੇ ਸਾਹਿਬਜ਼ਾਦਾ ਬੇਅੰਤ ਜੀ ਨੂੰ ਨਾਮ ਬਾਣੀ, ਸੇਵਾ ਸਿਮਰਨ ਅਤੇ ਰਹਿਤ ਮਰਯਾਦਾ ਦੀ ਗੁੜ੍ਹਤੀ ਮਿਲੀ, ਓਥੇ ਸਰੀਰਕ ਕਸਰਤ, ਖੇਡਾਂ, ਘੋੜ ਸਵਾਰੀ ਦਾ ਸ਼ੌਕ ਵੀ ਆਪ ਜੀ ਨੂੰ ਵਿਰਸੇ ਵਿੱਚ ਹੀ ਮਿਲਿਆ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਵੇਲੇ ਤੋਂ ਹੀ ਬਰਤਾਨਵੀ ਸਾਮਰਾਜ ਨਾਲ ਨਾ-ਮਿਲਵਰਤਨ ਅਤੇ ਸਰਕਾਰੀ ਅਦਾਰਿਆਂ ਦਾ ਬਾਈਕਾਟ ਹੋਣ ਕਰਕੇ ਨਾਮਧਾਰੀ ਸਰਕਾਰੀ ਸਕੂਲਾਂ ਵਿੱਚ ਨਹੀਂ ਸਨ ਜਾਂਦੇ। ਇਸ ਲਈ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ 1927-28 ਈ. ਵਿੱਚ ਸ੍ਰੀ ਭੈਣੀ ਸਾਹਿਬ ਵਿਖੇ ਪੁਰਾਤਨ ਗੁਰੂਕੁਲ ਵਰਗਾ, ਗੁਰਮਤਿ ਵਿਦਿਆਲਾ ਸ਼ੁਰੂ ਕੀਤਾ। ਆਪ ਜੀ ਦੇ ਦੋਵਾਂ ਸਾਹਿਬਜ਼ਾਦਿਆਂ ਨਾਲ 70-80 ਹੋਰ ਵਿਦਿਆਰਥੀ ਵੀ ਇੱਥੇ ਵਿਦਿਆ ਗ੍ਰਹਿਣ ਕਰਦੇ ਸਨ। ਇਸ ਵਿਦਿਆਲੇ ਵਿੱਚ ਜਿੱਥੇ ਬਹੁ-ਭਾਸ਼ਾਈ ਗਿਆਨ, ਕਿੱਤਾ-ਮੁਖੀ ਸਿੱਖਿਆ, ਗੁਰਬਾਣੀ, ਗੁਰ-ਇਤਿਹਾਸ ਅਤੇ ਗੁਰਮਤਿ ਸੰਗੀਤ ਦੀ ਸਿੱਖਿਆ ਦਿੱਤੀ ਜਾਂਦੀ ਸੀ, ਉੱਥੇ ਖੇਡਣਾ, ਘੁਲਣਾ, ਗਤਕਾ, ਤੈਰਾਕੀ ਅਤੇ ਘੋੜ ਸਵਾਰੀ ਦੀ ਸਿਖਲਾਈ ਵੀ ਦਿੱਤੀ ਜਾਂਦੀ ਸੀ।

ਸਾਹਿਬਜ਼ਾਦਾ ਬੇਅੰਤ ਜੀ ਘੁਲਦਿਆਂ ਤਾਕਤ ਨਾਲੋਂ ਫੁਰਤੀ ਅਤੇ ਦਾਅ ਵੱਧ ਵਰਤਦੇ। ਸਰਹਿੰਦ ਨਹਿਰ ਦੇ ਚੜ੍ਹਦੇ ਪਾਣੀਆਂ ਨਾਲ ਜ਼ੋਰ ਅਜ਼ਮਾਈ ਕਰਦੇ, ਸਿੱਧੇ ਨਹਿਰ ਪਾਰ ਕਰ ਜਾਂਦੇ, ਅੰਬਾਂ ਦੇ ਉੱਚੇ ਟਾਹਣਿਆਂ ਤੋਂ ਛਾਲਾਂ ਮਾਰਦੇ। ਆਪ ਜੀ ਦੇ ਘੋੜ ਸਵਾਰੀ ਦੇ ਉਸਤਾਦ ਸ. ਭਗਤ ਸਿੰਘ ਸਨ, ਆਪ ਜੀ ਪੋਲੋ ਵੀ ਖੇਡਦੇ। ਉਸਤਾਦ ਨੱਥਾ ਸਿੰਘ ਜੀ ਆਪ ਜੀ ਦੇ ਗਤਕੇ ਦੇ ਉਸਤਾਦ ਸਨ। ਚੱਕਰ ਤਾਂ ਆਪਜੀ 75 ਸਾਲ ਦੀ ਅਵਸਥਾ ਤੱਕ ਵੀ ਨੌਜੁਆਨਾਂ ਨਾਲੋਂ ਵਧੀਆ ਘੁਮਾ ਲੈਂਦੇ ਸਨ। ਸ੍ਰੀ ਸਤਿਗੁਰੂ ਜੀ ਆਪ ਬਚਨ ਕਰਿਆ ਕਰਦੇ ਸਨ ਕਿ "ਅਖਾੜੇ ਵਿੱਚ ਕਸਰਤ ਕਰਦਿਆਂ ਇੱਕ ਹਜ਼ਾਰ ਸਪਾਟੇ ਦੀਆਂ ਬੈਠਕਾਂ (ਇੱਕ ਡੰਡ ਅਤੇ ਇਕ ਬੈਠਕ) ਮਾਰਦੇ ਸਾਂ। ਖੁਰਾਕ ਸੀ ਬਦਾਮਾਂ ਦੀਆਂ 200 ਗਿਰੀਆਂ ਭਿਉਂ ਕੇ, ਛਿੱਲ ਕੇ, ਰਗੜ ਕੇ ਚਾਰ ਕਿਲੋ ਦੁੱਧ ਵਿੱਚ ਮਿਲਾ ਕੇ ਮੈਂ ਤੇ ਮਹਾਰਾਜ ਬੀਰ ਸਿੰਘ ਜੀ (ਦੋਵੇਂ ਭਰਾ) ਪੀਂਦੇ ਸਾਂ। ਫੁੱਟਬਾਲ ਵਿੱਚ ਮੈਂ ਫੁਲਬੈਕ ਖੇਡਿਆ ਕਰਦਾ ਸਾਂ। ਕਈ ਵੇਰ ਗਵਾਂਢੀ ਪਿੰਡਾਂ ਵਾਲੇ ਆਪਣੀ ਟੀਮ ਵਲੋਂ ਖੇਡਣ ਲਈ ਮੈਨੂੰ ਲੈ ਜਾਇਆ ਕਰਦੇ ਸਨ।"

ਸ੍ਰੀ ਸਤਿਗੁਰੂ ਜੀ ਇਹ ਵੀ ਬਚਨ ਕਰਿਆ ਕਰਦੇ ਸਨ ਕਿ "ਉਸ ਵੇਲੇ ਜਾਪਦਾ ਸੀ ਕਿ ਘੁਲਦਿਆਂ, ਡੰਡ ਮਾਰਿਦਆਂ ਤੇ ਸਾਹ ਚੜ੍ਹੇ, ਭੱਜਦਿਆਂ ਕੀ ਸਾਹ ਚੜ੍ਹਣਾ ਹੋਇਆ? ਪੰਜ ਮਿੰਟ ਵਿੱਚ ਇੱਕ ਮੀਲ ਦੀ ਔਸਤ ਸਪੀਡ ਨਾਲ ਮੈਂ ਤੇ ਨਕਈ ਦੌੜਦੇ ਸਾਂ। ਕਈ ਵੇਰ ਭੱਜਦਿਆਂ ਹੀ ਨਹਿਰ ਤੇ ਡੇਰੇ (ਭੈਣੀ ਸਾਹਿਬੋਂ 10 ਕੁ ਕਿਲੋਮੀਟਰ) ਤੇ ਜਾਣਾ, ਉੱਥੇ ਨਹਿਰ ਵਿੱਚ ਤੈਰਨਾ ਅਤੇ ਭੱਜਦਿਆਂ ਹੀ ਵਾਪਸ ਭੈਣੀ ਸਾਹਿਬ ਆ ਜਾਣਾ।"

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਇੱਕ ਬਾਲ-ਸਖਾ ਸੀ -ਕੁੰਨਣ ਸਿੰਘ ਨਕਈ। ਪਤਲਾ, ਫੁਰਤੀਲਾ ਸਰੀਰ, ਲੰਬੀ ਛਾਲ ਮਾਰਨ ਵਿੱਚ ਸਭ ਤੋਂ ਅੱਵਲ। ਆਪ ਜੀ ਨੇ ਦੱਸਿਆ ਕਿ ਸ੍ਰੀ ਭੈਣੀ ਸਾਹਿਬ ਅਵਾਰਾ ਕੁੱਤੇ, ਘੋੜਿਆਂ ਨੂੰ ਤੰਗ ਕਰਿਆ ਕਰਨ। ਇੱਕ ਵੇਰ ਮੈਂ ਤੇ ਨਕਈ ਨੇ ਰੇਤ ਦੇ ਟਿੱਬਿਆਂ ਵਿੱਚ ਕੁੱਤੇ ਭਜਾਏ, ਏਨੇ ਭਜਾਏ ਕਿ ਉਹ ਹਫ ਕੇ ਡਿੱਗ ਪਏ। ਨਕਈ ਨੇ ਕਿਹਾ, "ਕੁੱਟੀਏ ਏਨ੍ਹਾਂ ਨੂੰ?" ਮੈਂ ਕਿਹਾ, "ਡਿੱਗਿਆਂ ਨੂੰ ਕੀ ਕੁੱਟਣਾ ਹੋਇਆ। ਸਾਹ ਲੈ ਲੈਣ, ਫੇਰ ਭਜਾਵਾਂਗੇ।" ਅਸਾਂ ਉਨ੍ਹਾਂ ਕੁੱਤਿਆਂ ਨੂੰ ਤਿੰਨ ਚਾਰ ਵਾਰ ਸਾਹ ਦਵਾ-ਦਵਾ ਕੇ ਫੇਰ ਭਜਾਇਆ, ਚੰਗੇ ਘਰਕਾਏ। ਉਹ ਫੇਰ ਨਹੀਂ ਕਦੇ ਸਾਡੇ ਘੋੜਿਆਂ ਵੱਲ ਆਏ।

ਦੁਸ਼ਮਣ ਨੂੰ ਖਤਮ ਕਰਨ ਦੀ ਸੋਚ ਉਨ੍ਹਾਂ ਦੀ ਹੁੰਦੀ ਹੈ, ਜਿਨ੍ਹਾਂ ਨੂੰ ਆਪਣੀ ਸਮਰੱਥਾ ਤੇ ਭਰੋਸਾ ਨਹੀਂ ਹੁੰਦਾ। ਜਿਨ੍ਹਾਂ ਨੂੰ ਆਪਣੇ ਬਾਹੂਬਲ ਤੇ ਆਤਮ ਵਿਸ਼ਵਾਸ ਹੋਵੇ, ਉਹ ਵਿਰੋਧੀ ਨੂੰ ਇਸ ਲਈ ਜਾਣ ਦੇਂਦੇ ਹਨ ਕਿ ਸੱਜਣਾ ਜਦੋਂ ਮਰਜ਼ੀ ਫੇਰ ਮੈਦਾਨ ਵਿੱਚ ਆ ਜਾਵੀਂ, ਤੇਰੇ ਨਾਲ ਫੇਰ ਦੋ ਹੱਥ ਕਰ ਲਵਾਂਗੇ।

ਇੱਕ ਵੇਰ ਰੇਲ ਵਿੱਚ ਸਫਰ ਕਰਦਿਆਂ ਇੱਕ ਦਰਸ਼ਨੀ ਜੁਆਨ ਨਾਲ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਮਾਸਾਹਾਰ ਅਤੇ ਸ਼ਾਕਾਹਾਰ ਬਾਰੇ ਬਹਿਸ ਹੋ ਗਈ। ਆਪੋ ਆਪਣੇ ਪੱਖ ਵਿੱਚ ਦਲੀਲਬਾਜ਼ੀ ਹੁੰਦੀ ਰਹੀ। ਦੂਸਰੇ ਸੱਜਣ ਨੇ ਕੁਝ ਸਖਤ ਸ਼ਬਦਾਂ 'ਚ ਦਲੀਲ ਦਿੱਤੀ, "ਜਿਵੇਂ ਘਾਹ ਖਾਣ ਵਾਲੇ ਜਾਨਵਰ, ਮਾਸਾਹਾਰੀਆਂ ਦਾ ਮੁਕਾਬਲਾ ਨਹੀਂ ਕਰ ਸਕਦੇ, ਇਸੇ ਤਰ੍ਹਾਂ ਮਾਸ ਖਾਣ ਵਾਲੇ ਮਨੁੱਖ ਹੀ ਸੂਰਬੀਰ ਤੇ ਬਲਵਾਨ ਹੁੰਦੇ ਹਨ। ਸਾਗ ਤੇ ਗਾਜਰਾਂ ਮੂਲੀਆਂ ਖਾਣ ਵਾਲੇ ਉਨ੍ਹਾਂ ਦਾ ਮੁਕਾਬਲਾ ਨਹੀਂ ਕਰ ਸਕਦੇ।" ਉਸ ਨੌਜੁਆਨ ਨੂੰ ਸ਼ਾਇਦ ਆਪਣੇ ਗੱਦਰ ਜਿਹੇ ਸਰੀਰ ਤੇ ਬਹੁਤ ਮਾਣ ਸੀ। ਸ੍ਰੀ ਸਤਿਗੁਰੂ ਜੀ ਨੇ ਗੱਲ ਮੁਕਾਉਣ ਲਈ ਕਿਹਾ, "ਤੁਸੀਂ ਮਾਸ ਖਾਂਦੇ ਹੋ ਤੇ ਮੈਂ ਸ਼ਾਕਾਹਾਰੀ ਹਾਂ। ਆਪਾਂ ਹੀ ਫੈਸਲਾ ਕਰ ਲੈਂਦੇ ਹਾਂ। ਅਗਲੇ ਸਟੇਸ਼ਨ ਤੇ ਗੱਡੀ ਰੁਕੇਗੀ ਤਾਂ ਗੱਡੀ ਤੋਂ ਬਾਹਰ ਹੋ ਕੇ ਸਟੇਸ਼ਨ ਤੇ ਆਪਾਂ ਦਸਤ ਪੰਜਾ ਲੈ ਲਵਾਂਗੇ। ਦੋ-ਚਾਰ ਮਿੰਟਾਂ ਵਿੱਚ ਹੀ ਫੈਸਲਾ ਹੋ ਜਾਵੇਗਾ ਕਿ ਸ਼ਾਕਾਹਾਰੀ ਤਗੜੇ ਹੁੰਦੇ ਹਨ ਕਿ ਮਾਸਾਹਾਰੀ।" ਸ੍ਰੀ ਸਤਿਗੁਰੂ ਜੀ ਬਚਨ ਕਰਦੇ ਸਨ ਕਿ ਉਦੋਂ ਘੁਲਦੇ ਸਾਂ, ਮੈਨੂੰ ਵਿਸ਼ਵਾਸ ਸੀ ਕਿ ਇਸ ਜੁਆਨ ਨੂੰ ਤਾਂ ਮੈਂ ਦੋ ਮਿੰਟਾਂ 'ਚ ਹੀ ਗੋਡੇ ਹੇਠ ਕਰ ਲੈਣਾ ਹੈ। ਫੇਰ ਨਹੀਂ ਸਾਰਾ ਰਾਹ ਉਹ ਬਹਿਸਿਆ।

ਸਤਿਗੁਰੂ ਪ੍ਰਤਾਪ ਸਿੰਘ ਜੀ ਵਾਂਗ ਹੀ ਸਤਿਗੁਰੂ ਜਗਜੀਤ ਸਿੰਘ ਜੀ ਵੀ ਸ਼ਾਹ-ਸਵਾਰ ਸਨ। ਇੱਕ ਵੇਰ ਅੱਥਰੇ ਊਠ ਨੂੰ ਕਾਬੂ ਕਰਨ ਲਈ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਨੇ ਘੋੜਾ ਦੌੜਾ ਕੇ ਊਠ ਨਾਲ ਰਲਾ ਕੇ, ਘੋੜੇ ਤੋਂ ਛਾਲ ਮਾਰ ਕੇ, ਊਠ ਕਾਬੂ ਕਰ ਲਿਆ ਸੀ। ਏਸੇ ਤਰ੍ਹਾਂ ਦੀ ਇੱਕ ਘਟਨਾ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਵੇਲੇ ਹੀ ਵੱਡੇ ਬਾਬਾ ਜੀ (ਸਤਿਗੁਰੂ ਜਗਜੀਤ ਸਿੰਘ ਜੀ) ਘੋੜਾ ਭਜਾਇਆ, ਉਸਦੀ ਲਗਾਮ ਟੁੱਟ ਗਈ। ਆਪ ਜੀ ਨੇ ਪੂਰੀ ਸਪੀਡ ਤੇ ਜਾਂਦੇ ਘੋੜੇ ਨੂੰ ਉਸਦੇ ਕੰਨ ਫੜ ਕੇ, ਰੋਕ ਲਿਆ ਅਤੇ ਕਾਬੂ 'ਚ ਕਰ ਲਿਆ।

ਸੰਗੀਤ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਰੂਹ ਦੀ ਖੁਰਾਕ ਸੀ। ਖੇਡਾਂ ਅਤੇ ਕਸਰਤ ਵੀ ਨਾਮ ਬਾਣੀ ਦੇ ਅਖੰਡ ਨੇਮ ਵਾਂਗ ਹੀ ਨਿੱਤਕ੍ਰਮ ਦਾ ਹਿੱਸਾ ਸੀ। ਆਪ ਜੀ ਨਾਮ ਸਿਮਰਨ ਜਪ ਪ੍ਰਯੋਗ ਸਮੇਂ ਅੱਧੀ ਰਾਤੀਂ ਉੱਠ ਸਣਕੇਸੀਂ ਇਸ਼ਨਾਨ ਕਰਕੇ ਇੱਕ ਵਜੇ ਨਾਮ ਸਿਮਰਨ ਲਈ ਬੈਠ ਜਾਂਦੇ, ਢਾਈ-ਤਿੰਨ ਘੰਟੇ ਇੱਕ ਚੌਂਕੜੇ ਨਾਮ ਦਾ ਜਾਪ ਕਰਕੇ ਫੇਰ ਅੱਧੇ-ਪੌਣੇ ਘੰਟੇ ਲਈ ਜ਼ੋਰ ਦੀ ਕਸਰਤ, ਡੰਡ-ਬੈਠਕਾਂ ਆਦਿ ਮਾਰ ਕੇ ਫੇਰ ਦੋ ਘੰਟੇ ਆਸਾ ਦੀ ਵਾਰ ਵਿੱਚ ਦਰਸ਼ਨ ਦੇਂਦੇ। ਆਸਾ ਦੀ ਵਾਰ ਵਿੱਚ ਆਪ ਦਿਲਰੁਬਾ ਲੈ ਕੇ ਰਾਗੀ ਜਥੇ ਨਾਲ ਕੀਰਤਨ ਕਰਦੇ। ਸਤਿਗੁਰੂ ਪ੍ਰਤਾਪ ਸਿੰਘ ਜੀ ਬਾਰੇ ਆਪ ਜੀ ਬਚਨ ਕਰਿਆ ਕਰਦੇ ਸਨ ਕਿ "ਜੇ ਦੌਰੇ ਦੇ ਰੁਝੇਵੇਂ ਵਿੱਚ ਕਸਰਤ ਕਰਨ ਨੂੰ ਸਮਾਂ ਨਾ ਮਿਲਣਾ ਤਾਂ ਆਪ ਜੀ ਨੇ ਕਿਸੇ ਘਰ ਚਰਨ ਪਾਉਣ ਸਮੇਂ ਸਾਰਿਆਂ ਨੂੰ ਬਾਹਰ ਕੱਢ , ਡੰਡ ਬੈਠਕਾਂ ਮਾਰ ਲੈਣੀਆਂ, ਕਸਰਤ ਦਾ ਨੇਮ ਨਹੀਂ ਸਨ ਖੁੰਝਾਉਂਦੇ।"

ਇੱਕ ਵੇਰ 1990 ਈ. ਵਿੱਚ ਅੱਸੂ ਦੇ ਮੇਲੇ ਤੋਂ ਬਾਅਦ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਗੰਗਾਨਗਰ ਜ਼ਿਲ੍ਹੇ ਦਾ ਦੌਰਾ ਕੀਤਾ, ਹਫ਼ਤੇ ਭਰ ਦਾ ਦੌਰਾ ਸੀ। ਇਲਾਕੇ ਵਿੱਚ ਵੱਖੋ ਵੱਖ ਜਗ੍ਹਾ ਆਸਾ ਦੀ ਵਾਰ ਅਤੇ ਸ਼ਾਮ ਦਾ ਦੀਵਾਨ ਹੁੰਦੇ, ਘਰਾਂ 'ਚ ਚਰਨ ਪਾਉਂਦੇ। ਦੌਰੇ ਦੇ ਆਖਰੀ ਦਿਨ ਪਿੰਡ 4 ਜੇ.ਜੇ. ਆਸਾ ਦੀ ਵਾਰ ਤੋਂ ਬਾਅਦ ਸੰਗਤ ਨੂੰ ਲੰਗਰ ਵਰਤਾ ਕੇ, ਸਿੱਖਾਂ ਸੇਵਕਾਂ ਸਹਿਤ ਰਵਾਨਾ ਹੋਏ। ਪਿੰਡਾਂ ਵਿੱਚ ਚਰਨ ਪਾਉਂਦੇ ਦੁਪਹਿਰੇ 17 ਓ ਨਗਰ ਵਿਖੇ ਪ੍ਰਸ਼ਾਦਾ ਛਕਿਆ। ਸ਼ਾਮ ਤੱਕ ਇਲਾਕਾ ਜੀਵਨ ਨਗਰ 'ਚ ਦਰਸ਼ਨ ਦੇ ਕੇ ਸ੍ਰੀ ਭੈਣੀ ਸਾਹਿਬ ਨੂੰ ਚਾਲੇ ਪਾਏ। ਸਰਦੀਆਂ ਦੇ ਦਿਨ ਸਨ, ਛੇ ਕੁ ਵਜੇ ਹੀ ਹਨੇਰਾ ਹੋ ਜਾਂਦਾ ਸੀ। ਰਾਤ ਸਾਢੇ ਕੁ ਨੌਂ ਵਜੇ ਸ੍ਰੀ ਭੈਣੀ ਸਾਹਿਬ ਪਹੁੰਚੇ। ਸ੍ਰੀ ਸਤਿਗੁਰੂ ਜੀ ਨੇ ਰਸਤੇ 'ਚੋਂ ਬੈਡਮਿੰਟਨ ਦੇ ਖਿਡਾਰੀਆਂ ਨੂੰ ਪ੍ਰਤਾਪ ਮੰਦਰ ਵਿੱਚ ਪੁੱਜਣ ਦਾ ਹੁਕਮ ਕਰ ਦਿੱਤਾ। ਗੱਡੀਆਂ ਸਿੱਧੀਆਂ ਬੈਡਮਿੰਟਨ ਕੋਡ ਵਿੱਚ ਪੁੱਜ ਗਈਆਂ। ਇੱਕ ਸੀ. ਆਰ. ਪੀ. ਦਾ ਸਕਿਓਰਟੀ ਗਾਰਡ ਆਖਣ ਲੱਗਾ, "ਕੈਸੇ ਹੈਂ ਯੇ ਬਾਬਾ ਜੀ, ਕਬੀ ਥਕਤੇ ਹੀ ਨਹੀਂ। ਮੈਨੇਂ ਸੋਚਾ ਥਾ ਕਿ ਆਜ ਸੁਬਹ ਕੇ ਸਫਰ ਮੇਂ ਹੈ ਆਜ ਤੋ ਜ਼ਰੂਰ ਥਕ ਗਏ ਹੋਂਗੇ।" ਪਰ ਸ੍ਰੀ ਸਤਿਗੁਰੂ ਜੀ ਅਤਿ ਦੇ ਰੁਝੇਵਿਆਂ ਵਿੱਚ ਵੀ ਨਿਤਨੇਮ, ਕੰਮ, ਆਰਾਮ ਅਤੇ ਕਸਰਤ ਦਾ ਸੰਤੁਲਨ ਬਣਾ ਕੇ ਰੱਖਦੇ ਸਨ।

ਮਹਾਂਪੁਰਸ਼ਾਂ ਦਾ ਜੀਵਨ ਹੀ ਲੋਕਾਈ ਲਈ ਪ੍ਰੇਰਣਾ-ਸ੍ਰੋਤ ਹੁੰਦਾ ਹੈ, ਜੋ ਚੁਫੇਰੇ ਦੀ ਕਾਇਆ ਪਲਟ ਦੇਂਦਾ ਹੈ। ਏਸੇ ਤਰ੍ਹਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸਮੁੱਚੇ ਨਾਮਧਾਰੀ ਪੰਥ ਦੀ ਕਾਇਆ ਕਲਪ ਕਰ ਦਿੱਤੀ। ਆਪ ਜੀ ਨੇ 1959

ਈ. ਵਿੱਚ ਪਿਤਾ-ਸਤਿਗੁਰੂ ਜੀ ਦੇ ਜੋਤੀ ਜੋਤਿ ਸਮਾਉਣ ਉਪਰੰਤ ਨਾਮਧਾਰੀ ਪੰਥ ਦੀ ਵਾਗਡੋਰ ਸੰਭਾਲਦਿਆਂ ਹੀ ਸਭ ਤੋਂ ਪਹਿਲਾਂ ਵਕਤੀ ਉਲਝਣਾਂ ਨੂੰ ਸੁਲਝਾਇਆ। ਦੇਸ਼ ਦੀ ਵੰਡ ਉਪਰੰਤ ਨਵੇਂ ਆਬਾਦ ਹੋਏ ਇਲਾਕਾ ਜੀਵਨ ਨਗਰ (ਨਾਮਧਾਰੀ ਸਿੱਖਾਂ ਦੀ ਇੱਕ ਕਿਸਮ ਦੀ ਰਿਆਸਤ) ਦਾ ਕਾਇਆ ਕਲਪ ਕਰਨ ਲਈ ਕਰੀਬ ਡੇਢ ਦਹਾਕਾ ਦਿਨ ਰਾਤ ਇੱਕ ਕਰ ਦਿੱਤਾ। ਇਸਦੇ ਨਾਲ ਹੀ ਨਾਮਧਾਰੀ ਨੌਜੁਆਨਾਂ ਦੇ ਭਵਿੱਖ ਨੂੰ ਤਰਤੀਬਨ ਅਤੇ ਤਰਾਸ਼ਣ ਲਈ 1965 ਈ. ਵਿੱਚ ਸਰਬ ਹਿੰਦ ਨਾਮਧਾਰੀ ਵਿੱਦਿਅਕ ਜਥੇ ਦੀ ਸਥਾਪਨਾ ਕੀਤੀ। ਹਰ ਵਰ੍ਹੇ ਗਰਮੀਆਂ ਦੀਆਂ ਛੁੱਟੀਆਂ ਸਮੇਂ ਹਫਤੇ ਭਰ ਦੇ ਵਿੱਦਿਅਕ ਸੰਮੇਲਨ ਸਮੇਂ ਜਿੱਥੇ ਨੌਜੁਆਨਾਂ ਨੂੰ ਨਾਮ ਬਾਣੀ ਦਾ ਜਾਪ ਕਰਵਾਇਆ ਜਾਂਦਾ, ਰਹਿਤ ਦੀ ਸਿਖਲਾਈ ਦਿੱਤੀ ਜਾਂਦੀ। ਆਪਣੇ ਗੌਰਵਮਈ ਵਿਰਸੇ ਅਤੇ ਇਤਿਹਾਸ ਦੀ ਜਾਣਕਾਰੀ ਦਿੱਤੀ ਜਾਂਦੀ, ਓਥੇ ਸ੍ਰੀ ਸਤਿਗੁਰੂ ਜੀ ਆਪ ਨੌਜੁਆਨਾਂ ਨਾਲ ਵਾਲੀਬਾਲ, ਫੁੱਟਬਾਲ ਆਦਿ ਖੇਡਾਂ ਖੇਡਦੇ। ਖੇਡ ਮੁਕਾਬਲੇ ਵੀ ਕਰਵਾਏ ਜਾਂਦੇ।

ਇੱਕ ਵੇਰ ਅਜੇਹਾ ਸਮਾਂ ਆਇਆ 90ਵਿਆਂ 'ਚ ਥਾਈਲੈਂਡ ਦੇ ਬਹੁਤ ਸਾਰੇ ਨਾਮਧਾਰੀ ਨੌਜੁਆਨ ਸਿੱਖੀ ਤੋਂ ਮੁੱਖ ਮੋੜ ਬੈਠੇ। ਪਤਿਤ ਹੋ ਗਏ, ਕਈ ਮਾਸ-ਸ਼ਰਾਬ ਵੀ ਖਾਣ ਪੀਣ ਲੱਗ ਪਏ। ਇੱਕ ਨੌਜੁਆਨ ਪ੍ਰੇਮ ਸਿੰਘ ਸਚਦੇਵ ਨੇ ਅਰਜ਼ ਕੀਤੀ, 'ਗਰੀਬ ਨਿਵਾਜ ਜੀ! ਏਥੋਂ ਦੀ ਨਾਮਧਾਰੀਆਂ ਦੇ ਨਵੀਂ ਪੀੜ੍ਹੀ 'ਚੋਂ ਬਹੁਤ ਬੱਚੇ ਕੁਰਾਹੇ ਪੈ ਗਏ ਹਨ ਆਪ ਜੀ ਕਿਰਪਾ ਕਰੋ, ਜਿਵੇਂ ਦੇ ਵੀ ਹਨ, ਏਨ੍ਹਾਂ ਨੂੰ ਨਿਵਾਜੋ, ਸਿੱਧੇ ਰਾਹੇ ਪਾਓ।' ਸ੍ਰੀ ਸਤਿਗੁਰੂ ਜੀ ਨੇ ਉਨ੍ਹਾਂ ਨੌਜੁਆਨਾਂ ਨਾਲ ਖੇਡਾਂ ਦੁਆਰਾ ਰਾਬਤਾ ਕਾਇਮ ਕੀਤਾ। ਉਹਨਾਂ ਨਾਲ ਬੈਡਮਿੰਟਨ ਖੇਡਣੀ, ਸਮੁੰਦਰ ਦੇ ਕੰਢੇ ਜਾ ਉਨ੍ਹਾਂ ਨਾਲ ਫੁੱਟਬਾਲ, ਵਾਲੀਬਾਲ ਆਦਿ ਖੇਡਣਾ, ਕਦੇ ਉਨ੍ਹਾਂ ਨਾਲ ਬੈਠ ਕੇ ਬਚਨ ਬਿਲਾਸ ਕਰਦਿਆਂ ਗੁਰ ਇਤਿਹਾਸ ਦੀਆਂ ਸਾਖੀਆਂ ਸੁਣਾਉਣੀਆਂ। ਕੁਝ ਕੁ ਸਮੇਂ 'ਚ ਪਤਾ ਹੀ ਨਹੀਂ ਲੱਗਿਆ ਕਿ ਕਦੋਂ ਉਨ੍ਹਾਂ ਦੀਆਂ ਮਾੜੀਆਂ ਆਦਤਾਂ ਛੁੱਟ ਗਈਆਂ, ਸਿੱਖੀ ਸਰੂਪ ਅਤੇ ਰਹਿਤ ਮਰਯਾਦਾ ਦੇ ਧਾਰਨੀ ਬਣ ਗਏ। ਅੰਮ੍ਰਿਤ ਵੇਲੇ ਉੱਠਣਾ ਤੇ ਨਾਮ ਬਾਣੀ ਦੇ ਨਿਤਨੇਮੀ ਬਣ ਗਏ ਅਤੇ ਉਨ੍ਹਾਂ ਚੋਂ ਕਈ ਕੀਰਤਨ ਵੀ ਕਰਨ ਲੱਗ ਗਏ। ਸ੍ਰੀ ਸਤਿਗੁਰੂ ਜੀ ਦੇ ਪ੍ਰੇਮ-ਪਾਸ਼ ਵਿੱਚ ਅਜਿਹੇ ਬੱਝ ਗਏ ਕਿ ਛੁੱਟੀਆਂ ਵਿੱਚ ਸੌ-ਸੌ ਨੌਜੁਆਨ ਸ੍ਰੀ ਭੈਣੀ ਸਾਹਿਬ ਸ੍ਰੀ ਸਤਿਗੁਰੂ ਜੀ ਪਾਸ ਆ ਕੇ ਰਹਿਣ ਨੂੰ ਆਪਣੇ ਧੰਨ ਭਾਗ ਸਮਝਦੇ।

ਸ੍ਰੀ ਸਤਿਗੁਰੂ ਜੀ ਨੇ ਨਾਮਧਾਰੀ ਨੌਜੁਆਨਾਂ ਨੂੰ ਨਾਮ ਬਾਣੀ ਅਤੇ ਬਾਣੇ ਦੇ ਧਾਰਨੀ ਬਣਾਉਣ ਲਈ ਮਾਧਿਅਮ ਬਣਾਇਆ ਸੰਗੀਤ ਅਤੇ ਖੇਡਾਂ ਨੂੰ। ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰ ਤੇ ਸੰਗੀਤ ਦੀਆਂ ਸਟੇਜਾਂ ਤੇ ਅਤੇ ਖੇਡ ਦੇ ਮੈਦਾਨ ਵਿੱਚ ਸਿੱਖੀ ਸਰੂਪ ਨੂੰ ਪੁਚਾਉਣ ਅਤੇ ਮਾਣਯੋਗ ਥਾਂ ਦਿਵਾਉਣ ਦਾ ਸਿਹਰਾ ਕੇਵਲ ਤੇ ਕੇਵਲ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਹੀ ਜਾਂਦਾ ਹੈ।

ਸੰਨ 1975 ਤੋਂ ਬਾਅਦ ਹੀ ਸ੍ਰੀ ਸਤਿਗੁਰੂ ਜੀ ਨੇ ਨਾਮਧਾਰੀ ਨੌਜੁਆਨਾਂ ਨੂੰ ਸੰਗੀਤ ਅਤੇ ਖੇਡਾਂ ਵਿੱਚ ਮੁਹਾਰਤ ਹਾਸਲ ਕਰਵਾਉਣ ਲਈ ਉਚੇਚੇ ਯਤਨ ਅਰੰਭੇ। ਆਪ ਜੀ ਦੀ ਇੱਛਾ ਸੀ ਕਿ ਦਸਮ ਪਾਤਸ਼ਾਹ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੇ ਸਾਜੇ ਖਾਲਸੇ ਦੀ ਨਿਆਰੀ ਪਛਾਣ ਕਛਹਿਰੇ ਅਤੇ ਗੁਰਮੁਖੀ ਦਸਤਾਰ ਨੂੰ ਖੇਡ ਦੇ ਮੈਦਾਨ ਵਿੱਚ ਪੁਚਾਇਆ ਜਾਵੇ। ਖੇਡਾਂ ਵਿੱਚੋਂ ਸਭ ਤੋਂ ਪਹਿਲੋਂ ਆਪ ਜੀ ਨੇ ਹਾਕੀ ਦੀ ਖੇਡ ਨੂੰ ਚੁਣਿਆ ਭਾਵੇਂ ਬਾਅਦ ਵਿੱਚ ਜਿਮਨਾਸਟਿਕ, ਐਥਲੈਟਿਕਸ ਅਤੇ ਬੈਡਮਿੰਟਨ ਆਦਿ ਦੇ ਕੋਚ ਵੀ ਰੱਖ ਕੇ ਟਰੇਨਿੰਗ ਸ਼ੁਰੂ ਕਰਵਾਈ ਗਈ। ਹਾਕੀ ਬਾਰੇ ਆਪ ਜੀ ਬਚਨ ਕਰਿਆ ਕਰਦੇ ਸਨ ਕਿ ਸਾਡੇ ਪੰਜਾਬ ਦੀ ਖੇਡ ਖਿੱਦੋ-ਖੂੰਡੀ ਦਾ ਸੁਧਰਿਆ ਰੂਪ ਹੈ ਹਾਕੀ।

ਆਰੰਭ ਵਿੱਚ ਸ੍ਰੀ ਸਤਿਗੁਰੂ ਜੀ ਨੇ ਕੁਝ ਨਾਮਧਾਰੀ ਖਿਡਾਰੀ, ਹਾਕੀ ਦੀ ਟਰੇਨਿੰਗ ਵਾਸਤੇ ਪਟਿਆਲੇ ਸਰਕਾਰੀ ਸਪੋਰਟਸ ਟਰੇਨਿੰਗ ਸੈਂਟਰ 'ਚ ਭੇਜੇ। ਉੱਥੇ ਉਨ੍ਹਾਂ ਨੂੰ ਆਖਿਆ ਗਿਆ ਕਿ ਤੁਸੀਂ ਏਥੇ ਕਛਹਿਰੇ ਪਾ ਕੇ ਨਹੀਂ ਖੇਡ ਸਕਦੇ। ਉਸੇ ਪੰਜਾਬ ਵਿੱਚ ਜਿੱਥੇ ਸਿੱਖੀ ਨੂੰ ਖਤਰਾ ਦੱਸ ਕੇ ਪ੍ਰਦਰਸ਼ਨ ਹੁੰਦੇ ਹਨ। ਸਿੱਖ ਹੋਣ ਦੀ ਪ੍ਰਮਾਣਿਕਤਾ ਦੇ ਸਰਟੀਫਿਕੇਟ ਅਤੇ ਸਿੱਖ ਨਾ ਹੋਣ ਦੇ ਫਤਵੇ ਜਾਰੀ ਕੀਤੇ ਜਾਂਦੇ ਹਨ, ਉੱਥੇ ਹੀ ਸਿੱਖ ਅਧਿਕਾਰੀਆਂ ਨੇ ਕਿਹਾ ਕਿ ਤੁਸੀਂ ਏਥੇ ਕਛਹਿਰੇ ਪਾ ਕੇ ਨਹੀਂ ਖੇਡ ਸਕਦੇ। ਪਰ ਸਤਿਗੁਰੂ ਜਗਜੀਤ ਸਿੰਘ ਜੀ ਵਾਸਤੇ ਪਹਿਲੋਂ ਸਿੱਖੀ ਸੀ ਤੇ ਫੇਰ ਹਾਕੀ। ਆਪ ਜੀ ਨੇ ਪਟਿਆਲਿਓਂ ਨਾਮਧਾਰੀ ਖਿਡਾਰੀ ਵਾਪਸ ਬੁਲਾ ਲਏ। ਪੂਰੀ ਹਾਕੀ ਟੀਮ ਆਪਣੀ ਬਣਾਉਣ ਵਾਸਤੇ ਸ੍ਰੀ ਗੁਰੂ ਹਰੀ ਸਿੰਘ ਮਹਾਂ ਵਿਦਿਆਲਾ (ਸ੍ਰੀ ਜੀਵਨ ਨਗਰ) ਦੇ ਛੋਟੇ ਬੱਚਿਆਂ ਦੀ ਸਲੈਕਸ਼ਨ ਸ਼ੁਰੂ ਕੀਤੀ ਅਤੇ ਵਿਧੀਵਤ ਟਰੇਨਿੰਗ ਸ਼ੁਰੂ ਕੀਤੀ ਗਈ। ਇਸ ਟੀਮ ਦੇ ਖਿਡਾਰੀਆਂ ਦੇ ਰਹਿਣ-ਸਹਿਣ, ਖਾਣ-ਪੀਣ, ਪੜ੍ਹਾਈ ਦਾ ਅਤੇ ਹਾਕੀ ਸਿਖਲਾਈ ਦਾ ਪ੍ਰਬੰਧ ਕੀਤਾ ਗਿਆ। ਗੁਰੂ-ਕੁਲ ਵਰਗੇ ਹਾਕੀ ਖਿਡਾਰੀਆਂ ਦੇ ਇਸ ਕੈਂਪ ਵਿੱਚ ਬੱਚਿਆਂ ਨੂੰ

ਖੇਡ ਸਿਖਲਾਈ ਦੇ ਨਾਲ ਨਾਲ ਅੰਮ੍ਰਿਤ ਵੇਲੇ ਉੱਠਣਾ, ਸਣੇਕੇਸੀ ਇਸ਼ਨਾਨ ਕਰਕੇ ਆਸਾ ਦੀ ਵਾਰ 'ਚ ਜਾਣਾ, ਨਾਮ ਸਿਮਰਨ, ਗੁਰਬਾਣੀ ਕੰਠ ਕਰਨ ਅਤੇ ਕੀਰਤਨ ਕਰਨਾ ਵੀ ਸਿਖਾਇਆ ਜਾਂਦਾ। ਉਹਨਾਂ ਦਿਨਾਂ ਵਿੱਚ ਨਾਮਧਾਰੀ ਸਲਾਨਾ ਮੇਲਿਆਂ ਵਿੱਚ ਗੁਰਬਾਣੀ ਸ਼ੁੱਧ ਉਚਾਰਨ ਦੇ ਪਾਠ ਮੁਕਾਬਲਿਆਂ ਵਿੱਚ ਕਈ ਵੇਰ ਹਾਕੀ ਖਿਡਾਰੀਆਂ ਨੇ ਵੀ ਇਨਾਮ ਜਿੱਤੇ। ਇਹ ਖਿਡਾਰੀ ਪੂਰਨ ਸ਼ਾਕਾਹਾਰੀ, ਹਰ ਤਰ੍ਹਾਂ ਦੇ ਨਸ਼ਿਆਂ ਤੋਂ ਮੁਕਤ, ਏਥੋਂ ਤੱਕ ਕਿ ਚਾਹ, ਕਾਫੀ ਅਤੇ ਕੋਲਡ ਡਰਿੰਕਸ, ਕੋਕ, ਪੈਪਸੀ ਆਦਿ ਵੀ ਨਹੀਂ ਸਨ ਪੀਂਦੇ, ਨਾ ਬਾਜ਼ਾਰ ਦਾ ਕੁਝ ਖਾਂਦੇ ਸਨ। ਇਨ੍ਹਾਂ ਵਾਸਤੇ ਨਾਮਧਾਰੀ ਰਹਿਤ ਮਰਯਾਦਾ ਦਾ ਲੰਗਰ ਤਿਆਰ ਹੁੰਦਾ। ਅਰਦਾਸ ਕਰਕੇ ਖੇਡ ਆਰੰਭ ਕਰਦੇ, ਪਾਣੀ ਵੀ ਆਪਣੇ ਗੜਵਿਆਂ ਦਾ ਹੀ ਪੀਂਦੇ। ਇਹ ਗੱਲ ਕਿਸੇ ਕਰਾਮਾਤ ਤੋਂ ਘੱਟ ਨਹੀਂ ਕਿ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਕੇਵਲ ਦੋ ਪਿੰਡਾਂ ਦੇ ਮੁੰਡੇ ਲੈ ਕੇ 1976-77 ਈ. ਵਿਚ ਆਰੰਭ ਕੀਤੀ ਹਾਕੀ ਟੀਮ 1982 ਤੱਕ ਭਾਰਤ ਦੀਆਂ ਸਿਖਰ ਦੀਆਂ ਹਾਕੀ ਟੀਮਾਂ ਦੇ ਮੁਕਾਬਲੇ ਦੀ ਨਾਮਧਾਰੀ ਹਾਕੀ ਟੀਮ ਤਿਆਰ ਕਰ ਦਿੱਤੀ। ਜਿਸ ਖੇਡ ਦੇ ਮੈਦਾਨ ਵਿੱਚ ਕਛਹਿਰੇ ਅਤੇ ਦਸਤਾਰ ਸਮੇਤ ਟਰੇਨਿੰਗ ਦੇਣੋਂ ਇਨਕਾਰ ਕੀਤਾ ਗਿਆ ਸੀ, ਨਾਮਧਾਰੀ ਹਾਕੀ ਟੀਮ ਨੇ ਉਸੇ ਖੇਡ ਦੇ ਮੈਦਾਨ ਵਿੱਚ ਕਛਹਿਰੇ ਅਤੇ ਦਸਤਾਰ ਸਮੇਤ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਦੇ ਸਾਜੇ ਖਾਲਸੇ ਦੇ ਸਾਬਤ ਸੂਰਤ ਸਿੱਖੀ ਸਰੂਪ ਦੀ ਸ਼ਾਨ ਅਤੇ ਪਛਾਣ ਨੂੰ ਬੁਲੰਦੀਆਂ ਤੇ ਪੁਚਾਇਆ।

ਨਾਮਧਾਰੀ ਹਾਕੀ ਟੀਮ ਨੇ ਆਪਣੇ ਖੇਡ ਕੈਰੀਅਰ ਦੇ ਆਰੰਭ ਤੋਂ ਹੀ ਆਪਣੇ ਵਿਲੱਖਣ ਖੇਡ ਪ੍ਰਦਰਸ਼ਨ ਅਤੇ ਪ੍ਰਾਪਤੀਆਂ ਸਦਕਾ ਅਨੇਕਾਂ ਕੀਰਤੀਮਾਨ ਸਥਾਪਿਤ ਕੀਤੇ। ਸੰਨ 1979 ਵਿੱਚ ਜਲੰਧਰ ਵਿਖੇ ਹੋਏ ਆਲ ਇੰਡੀਆ ਸਕੂਲ ਨੈਸ਼ਨਲ ਗੇਮਜ਼ ਵਿੱਚ ਹਰਿਆਣੇ ਵਲੋਂ ਖੇਡ ਰਹੀ ਨਾਮਧਾਰੀ ਹਾਕੀ ਟੀਮ ਨੇ ਪੂਰੇ ਟੂਰਨਾਮੈਂਟ ਵਿੱਚ 32 ਗੋਲ ਕੀਤੇ ਅਤੇ ਆਪਣੇ ਸਿਰ ਇੱਕ ਵੀ ਗੋਲ ਨਾ ਹੋਣ ਦਿੱਤਾ। ਏਸੇ ਟੀਮ ਨੇ ਜਦੋਂ 1982 ਈ. ਵਿੱਚ ਪਹਿਲੀ ਵੇਰ ਓਪਨ ਨੈਸ਼ਨਲ ਹਾਕੀ ਟੂਰਨਾਮੈਂਟ ਵਿੱਚ ਐਂਟਰੀ ਕੀਤੀ ਤਾਂ ਸਾਰੇ ਹੀ ਨਾਮਧਾਰੀ ਖਿਡਾਰੀ ਅਜੇ ਵੀਹ ਸਾਲ ਤੋਂ ਘੱਟ ਉਮਰ ਦੇ ਲਵੇ ਜਿਹੇ ਮੁੰਡੇ ਸਨ। ਗੁਰਮੀਤ ਹਾਕੀ ਟੂਰਨਾਮੈਂਟ ਵਿੱਚ ਖੇਡਦਿਆਂ ਇਹ ਟੀਮ ਸੈਮੀ-ਫਾਈਨਲ ਵਿੱਚ ਪੁੱਜ ਗਈ। ਨਾਮਧਾਰੀ ਟੀਮ ਦੇ ਖੇਡ ਪ੍ਰਦਰਸ਼ਨ ਨੇ ਦਰਸ਼ਕਾਂ ਦੀ ਤਾਂ ਵਾਹ ਵਾਹ ਲੁੱਟੀ। ਸੈਮੀ-ਫਾਈਨਲ ਮੈਚ ਪੰਜਾਬ ਪੁਲਿਸ ਨਾਲ ਸੀ। ਪੰਜਾਬ ਪੁਲਿਸ ਦੇ ਓਲੰਪੀਅਨ ਸੁਰਜੀਤ ਸਿੰਘ ਵਰਗੇ ਚੋਟੀ ਦੇ ਖਿਡਾਰੀ ਜੋ ਏਸ਼ੀਆਡ ਵਾਸਤੇ ਅਭਿਆਸ ਕਰਨ ਦਿੱਲੀ ਗਏ ਹੋਏ ਸਨ, ਉਹ ਉਚੇਚੇ ਤੌਰ ਤੇ ਵਾਪਸ ਚੰਡੀਗੜ੍ਹ ਬੁਲਾ ਲਏ ਕਿ ਕੂਕਿਆਂ ਦੀ ਜਵਾਕਾਂ ਜਿਹਾਂ ਦੀ ਟੀਮ ਨਾਲ ਮੈਚ ਹੈ, ਜੇ ਇਨ੍ਹਾਂ ਤੋਂ ਹਾਰ ਗਏ ਤਾਂ ਬੇਇੱਜ਼ਤੀ ਬਹੁਤ ਹੋਵੇਗੀ। ਪੰਜਾਬ ਪੁਲਿਸ 1-0 ਤੇ ਜਿੱਤ ਤਾਂ ਗਈ ਪਰ ਮੈਚ ਖਤਮ ਹੋਣ ਤੇ ਸ. ਸੁਰਜੀਤ ਸਿੰਘ ਨੇ ਨਾਮਧਾਰੀ ਟੀਮ ਦੇ ਪ੍ਰਬੰਧਕਾਂ ਨੂੰ ਵਧੀਆ ਖੇਡ ਪ੍ਰਦਰਸ਼ਨ ਦੀ ਵਧਾਈ ਦੇਂਦਿਆ ਕਿਹਾ, 'ਬੇਸ਼ੱਕ ਅਸੀਂ ਜਿੱਤ ਗਏ ਹਾਂ, ਪਰ ਅਸੀਂ ਮਸਾਂ ਟਾਈਮ ਪੂਰਾ ਕੀਤਾ ਹੈ।'

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਰਜ਼ਾ ਸੀ ਕਿ ਸਾਡੇ ਖਿਡਾਰੀ ਸਿੱਖੀ ਸਰੂਪ ਅਤੇ ਰਹਿਤ ਮਰਯਾਦਾ ਦੇ ਨਾਲ ਨਾਲ ਉੱਚੇ-ਸੁੱਚੇ ਕਿਰਦਾਰ ਦੇ ਵੀ ਪਾਬੰਦ ਹੋਣ। ਇਹ ਖੇਡ ਨੂੰ ਖੇਡ ਦੀ ਭਾਵਨਾ ਨਾਲ ਖੇਡਣ। ਖੇਡ ਅਨੁਸ਼ਾਸਨ ਅਤੇ ਵਧੀਆ ਪ੍ਰਦਰਸ਼ਨ ਨੂੰ ਪਹਿਲ ਦੇਣ, ਜਿੱਤ ਹਾਰ ਦੂਸਰੇ ਨੰਬਰ ਤੇ ਹੋਵੇ।

ਸੰਨ 1982-83 ਦੀਆਂ ਕੁਝ ਘਟਨਾਵਾਂ ਹਨ, ਜਦੋਂ ਟੀਮ ਦੇ ਕੋਚ ਸਨ ਸ. ਗੁਰਦਿਆਲ ਸਿੰਘ ਅਤੇ ਮੈਨੇਜਰ ਸਨ ਸ. ਗੁਰਮੁਖ ਸਿੰਘ ਰਹਿਬਰ। ਸ੍ਰੀ ਸਤਿਗੁਰੂ ਜੀ ਨੇ ਇਨ੍ਹਾਂ ਦੋਹਾਂ ਪ੍ਰਬੰਧਕਾਂ ਨੂੰ ਉਚੇਚਾ ਹੁਕਮ ਕੀਤਾ ਕਿ ਬੱਚਿਆਂ ਨੂੰ ਸਮਝਾ ਕੇ ਰੱਖਣਾ, ਜੇ ਵਿਰੋਧੀ ਖਿਡਾਰੀ ਹੱਥ ਚੁੱਕਣ, ਕੁਝ ਮਾੜੇ ਸ਼ਬਦ ਬੋਲਣ ਤਾਂ ਵੀ ਉਸਦੇ ਪ੍ਰਤੀਕਰਮ ਵਜੋਂ ਨਾ ਕਿਸੇ ਨੂੰ ਗਾਲ੍ਹ ਕੱਢਣੀ ਅਤੇ ਨਾ ਹੀ ਕਿਸੇ ਤੇ ਹੱਥ ਚੁੱਕਣਾ। ਵਧੀਆ ਖੇਡ ਪ੍ਰਦਰਸ਼ਨ ਕਰਨਾ। ਸਤਿਗੁਰੂ ਰਾਮ ਸਿੰਘ ਜੀ ਦਾ ਹੁਕਮ ਹੈ-'ਖਿਮਾ ਧੀਰਜ ਵਾਲਿਆਂ ਦੇ ਗੁਰੂ ਅੰਗ ਸੰਗ ਹੈ।' ਏਸੇ ਤਰ੍ਹਾਂ ਹੋਇਆ- ਇੱਕ ਵੇਰ ਮਲੇਰਕਟੋਲੇ ਇੱਕ ਮੈਚ ਦੌਰਾਨ ਕੱਦੋਂ ਕਾਠੋਂ ਤਗੜੇ ਖਿਡਾਰੀਆਂ ਦੀ ਟੀਮ ਨੂੰ ਜਦੋਂ ਹਾਰ ਹੁੰਦੀ ਜਾਪੀ ਤਾਂ ਵਿਰੋਧੀ ਖਿਡਾਰੀਆਂ ਨੇ ਨਾਮਧਾਰੀ ਖਿਡਾਰੀਆਂ ਦੇ ਲੱਤਾਂ ਤੇ ਹਾਕੀਆਂ ਮਾਰੀਆਂ। ਨਾਮਧਾਰੀ ਖਿਡਾਰੀ ਤਲਖੀ 'ਚ ਨਾ ਆਏ, ਸਗੋਂ ਵਧੀਆ ਖੇਡ ਪ੍ਰਦਰਸ਼ਨ ਕਰਦੇ ਰਹੇ। ਕੁਮੈਂਟਰੀ ਕਰਨ ਵਾਲਾ ਇਕ ਮੁਸਲਮਾਨ ਸੱਜਣ ਸੀ। ਉਸਨੇ ਮਾਈਕ ਵਿੱਚ ਕਿਹਾ, "ਓਇ ਸੰਗ ਕਰੋ, ਤੁਹਾਡੇ ਜਵਾਕਾਂ ਵਰਗੇ ਨੇ, ਜਿੱਤ ਸੱਕਦੇ ਹੋ ਤਾਂ ਖੇਡ ਕੇ ਜਿੱਤੋ। ਜਿਨ੍ਹਾਂ ਨੂੰ ਤੁਸੀਂ ਹਾਕੀਆਂ ਨਾਲ ਡਰਾਉਣਾ ਚਾਹੁੰਦੇ ਹੋ, ਇਹ ਉਹ ਕੂਕੇ ਹਨ, ਜਿਨ੍ਹਾਂ ਨੂੰ ਅੰਗਰੇਜ਼ ਤੋਪਾਂ ਨਾਲ ਨਾ ਡਰਾ ਸਕੇ ।"

ਇਸੇ ਤਰ੍ਹਾਂ ਇੱਕ ਵਾਰ 1982 ਨੈਸ਼ਨਲ ਚੈਂਪੀਅਨਸ਼ਿੱਪ ਜਬਲਪੁਰ ਵਿਖੇ ਖੇਡਦਿਆਂ ਫਾਈਨਲ ਮੈਚ ਪੰਜਾਬ ਦੇ ਹਾਕਸ ਕਲੱਬ ਨਾਲ ਸੀ। ਮੈਚ ਖਤਮ ਹੋਣ 'ਚ 15

ਕੁ ਮਿੰਟ ਬਾਕੀ ਸਨ ਕਿ ਵਿਰੋਧੀ ਟੀਮ ਦੇ ਖਿਡਾਰੀ ਨੇ ਨਾਮਧਾਰੀ ਖਿਡਾਰੀ ਗੁਰਨਾਮ ਸਿੰਘ ਗਾਮੀ ਦੇ ਲੱਤ ਤੇ ਹਾਕੀ ਮਾਰੀ। ਫੇਰ ਗੁਰਦੀਪ ਬਾਈ ਦੇ ਅਤੇ ਗੁਰਮੇਜ ਮੋਲ੍ਹੀ ਦੇ ਤਾਂ ਸਿਰ 'ਚ ਹਾਕੀ ਮਾਰੀ। ਕੋਚ ਗੁਰਦਿਆਲ ਸਿੰਘ ਦੇ ਇਸ਼ਾਰੇ ਤੇ ਨਾਮਧਾਰੀ ਖਿਡਾਰੀ ਸ਼ਾਂਤ ਰਹੇ। ਲੋਕ ਰੌਲਾ ਪਾਉਂਦੇ ਗਰਾਊਂਡ ਵਿੱਚ ਆ ਗਏ ਕਿ ਹਾਕਸ ਕਲੱਬ ਦੇ ਖਿਡਾਰੀਆਂ ਨੇ ਜਾਣ ਬੁੱਝ ਕੇ ਸੱਟਾਂ ਮਾਰੀਆਂ ਹਨ। ਟੂਰਨਾਮੈਂਟ ਦੇ ਸੰਚਾਲਕਾਂ ਨੇ ਨਾਮਧਾਰੀ ਟੀਮ ਨੂੰ ਜੇਤੂ ਕਰਾਰ ਦੇ ਦਿੱਤਾ। 10 ਮਿੰਟ ਅਜੇ ਬਾਕੀ ਰਹਿੰਦੇ ਸਨ-ਕੋਚ ਗੁਰਦਿਆਲ ਸਿੰਘ ਨੇ ਕਿਹਾ- ਕੋਈ ਗੱਲ ਨਹੀਂ, ਜੇ ਸਾਡੇ ਮੁੰਡਿਆਂ ਦੇ ਸੱਟਾਂ ਲੱਗ ਗਈਆਂ ਹਨ। ਅਸੀਂ ਖੇਡਣ ਆਏ ਹਾਂ, ਲੜਨ ਨਹੀਂ ਆਏ। ਸਾਡੀ ਟੀਮ ਖੇਡੇਗੀ ਅਤੇ ਖੇਡ ਕੇ ਮੈਚ ਜਿੱਤੇਗੀ। ਮੈਚ ਬਾਕੀ ਰਹਿੰਦੇ 10 ਮਿੰਟ ਵੀ ਹੋਇਆ ਅਤੇ ਨਾਮਧਾਰੀ ਟੀਮ ਹਾਕਸ ਕਲੱਬ ਤੋਂ 1-0 ਨਾਲ ਜੇਤੂ ਰਹੀ।

ਜਦ ਸ੍ਰੀ ਭੈਣੀ ਸਾਹਿਬ ਵਾਪਸ ਆਏ ਤਾਂ ਸਤਿਗੁਰੂ ਜੀ ਨੇ ਖਿਡਾਰੀਆਂ ਨੂੰ ਖੁਸ਼ੀਆਂ ਬਖਸ਼ੀਆਂ ਅਤੇ ਬਚਨ ਕੀਤਾ ਕਿ ਅਸੀਂ ਉਸ ਗੁਰੂ ਦੇ ਸਿੱਖ ਹਾਂ ਜਿਨ੍ਹਾਂ ਨੇ ਪਹਾੜੀ ਹਿੰਦੂ ਰਾਜਿਆਂ ਅਤੇ ਮੁਗਲਾਂ ਨਾਲ ਯੁੱਧ ਕਰਦਿਆਂ ਵੀ ਆਪ ਉੱਚਾ ਸੁੱਚਾ ਕਿਰਦਾਰ ਕਾਇਮ ਰੱਖਿਆ, ਧਰਮ ਯੁੱਧ ਦੇ ਅਸੂਲਾਂ ਤੇ ਕਾਇਮ ਰਹੇ।। ਉਹ ਸਿੱਖ, ਸਰਨ ਪਏ ਦੇ ਅਤੇ ਨਿਹੱਥੇ ਤੇ ਵਾਰ ਨਹੀਂ ਸਨ ਕਰਦੇ। ਦੁਸ਼ਮਣ ਦੀਆਂ ਔਰਤਾਂ ਨਾਲ ਵੀ ਧੀਆਂ ਭੈਣਾਂ ਵਾਲਾ ਵਰਤਾ ਕਰਦੇ ਸਨ। ਇਸੇ ਲਈ ਦੁਸ਼ਮਣ ਵੀ ਸਿੱਖਾਂ ਦੇ ਉੱਚੇ ਸੁੱਚੇ ਆਚਰਣ ਅਤੇ ਕਿਰਦਾਰ ਦੀ ਸਿਫਤ ਸਲਾਹ ਕਰਦੇ ਸਨ। ਅੰਗਰੇਜ਼ ਹਾਕਮਾਂ ਨੇ ਵੀ ਨਾਮਧਾਰੀ ਸਿੱਖਾਂ ਦੇ ਗੁਣਾਂ ਨੂੰ ਸਲਾਹਿਆ। ਇਸ ਲਈ ਸ਼ਾਬਾਸ਼ ਤੁਹਾਡੇ, ਸਾਡਾ ਕਿਰਦਾਰ ਖਾਲਸੇ ਵਰਗਾ ਹੀ ਉੱਚਾ-ਸੁੱਚਾ ਹੋਣਾ ਚਾਹੀਦਾ ਹੈ।

ਨਾਮਧਾਰੀ ਹਾਕੀ ਟੀਮ ਨੂੰ ਅੰਤਰ ਰਾਸ਼ਟਰੀ ਪੱਧਰ ਤੇ ਪੁਚਾਉਣ ਲਈ ਸ੍ਰੀ ਸਤਿਗੁਰੂ ਜੀ ਨੇ ਟੀਮ ਦੀ ਕਮਾਂਡ ਠਾਕੁਰ ਉਦੇ ਸਿੰਘ ਜੀ (ਵਰਤਮਾਨ ਸਤਿਗੁਰੂ ਜੀ) ਨੂੰ ਸੌਂਪੀ। ਆਪ ਨੇ ਉਚੇਚਾ ਸਮਾਂ, ਖਰਚ ਅਤੇ ਖੇਚਲ ਕਰਕੇ ਟੀਮ ਦਾ ਵਰਲਡ ਟੂਰ ਲਵਾਇਆ। ਯੂਰਪ, ਕੈਨੇਡਾ, ਅਮਰੀਕਾ ਆਦਿ ਦੇਸ਼ਾਂ ਵਿੱਚ ਨਾਮਧਾਰੀ ਹਾਕੀ ਟੀਮ ਨੇ ਜਿੱਤਾਂ ਪ੍ਰਾਪਤ ਕੀਤੀਆਂ ਅਤੇ ਸਿੱਖੀ ਸਰੂਪ ਵਿੱਚ ਖੇਡ ਕੇ ਖਾਲਸਈ ਸਵੈਮਾਨ ਨੂੰ ਚਾਰ ਚੰਨ ਲਾਏ।

ਉਹਨਾਂ ਦਿਨਾਂ ਵਿਚ ਸ੍ਰੀ ਸਤਿਗੁਰੂ ਜੀ ਨੇ ਹਾਕੀ ਤੋਂ ਬਿਨਾਂ ਜਿਮਨਾਸਟਿਕ, ਐਥਲੈਟਿਕਸ ਅਤੇ ਬੈਡਮਿੰਟਨ ਦੇ ਵੀ ਕੋਚ ਰੱਖ ਕੇ ਨਾਮਧਾਰੀ ਖਿਡਾਰੀਆਂ ਨੂੰ ਟਰੇਨਿੰਗ ਦਵਾਉਣੀ ਸ਼ੁਰੂ ਕੀਤੀ। ਸ੍ਰੀ ਸਤਿਗੁਰੂ ਜੀ ਬਚਨ ਕਰਿਆ ਕਰਦੇ ਸਨ, "ਫੁੱਟਬਾਲ ਬਾਈ ਫੋਰਸ, ਹਾਕੀ ਬਾਈ ਚਲਾਕੀ ਅਤੇ ਕ੍ਰਿਕਟ ਬਾਈ ਲੱਕ।" ਆਪ ਜੀ ਪਹਿਲੋਂ ਫੁੱਟਬਾਲ ਫੇਰ ਵਾਲੀਬਾਲ ਅਤੇ ਦੇਹ ਕਰਕੇ ਉਮਰ ਦੇ ਅੱਠਵੇਂ ਦਹਾਕੇ 'ਚ ਬੈਡਮਿੰਟਨ ਖੇਡਿਆ ਕਰਦੇ ਸਨ। ਇਸ ਸਮੇਂ ਆਪ ਜੀ ਨਾਲ ਖੇਡਣ ਵਾਲਿਆਂ ਵਿੱਚ ਕੋਈ ਵੀ ਆਪ ਜੀ ਦਾ ਹਾਣੀ ਨਹੀਂ ਸੀ ਹੋਇਆ ਕਰਦਾ, ਸਾਰੇ ਨੌਜੁਆਨ ਹੀ ਹੁੰਦੇ ਸਨ।

ਸ੍ਰੀ ਸਤਿਗੁਰੂ ਜੀ ਵਿਦਿਅਕ ਸੰਮੇਲਨ ਸਮੇਂ ਅਕਸਰ ਬਚਨ ਕਰਿਆ ਕਰਦੇ ਸਨ ਕਿ ਤੁਸੀਂ ਵਕੀਲ ਬਣੋ, ਜੱਜ ਬਣੋ, ਇੰਜੀਨੀਅਰ ਬਣੋ, ਨੇਤਾ ਬਣੋ ਕੁਝ ਵੀ ਬਣੋ ਪਰ ਸਭ ਤੋਂ ਪਹਿਲੋਂ 'ਸਿੱਖ ਬਣੋ।' ਆਪ ਜੀ ਨੌਜੁਆਨਾਂ ਨੂੰ ਬੜੇ ਪ੍ਰੇਮ ਨਾਲ ਸਿੱਖੀ ਸਰੂਪ ਦੇ ਧਾਰਣੀ ਬਣਨ ਲਈ ਪ੍ਰੇਰਦੇ। ਇੱਕ ਵੇਰ ਸਰਸੇ ਨੇੜੇ ਕੰਙਣਪੁਰ ਵਿਖੇ ਘਰਾਂ 'ਚ ਚਰਨ ਪਾਉਂਦਿਆਂ ਸ. ਦਰਸ਼ਨ ਸਿੰਘ ਕੱਕੜਾਂ ਵਾਲੇ ਦੇ ਘਰ ਕਿਰਪਾ ਕੀਤੀ। ਸ. ਦਰਸ਼ਨ ਸਿੰਘ ਦੇ ਲੜਕੇ ਮੁਖਤਿਆਰ ਸਿੰਘ ਨੇ ਵੇਟ ਲਿਫਟਿੰਗ ਮੁਕਾਬਲਿਆਂ ਵਿੱਚ ਜਿੱਤੇ ਤਮਗੇ ਸ੍ਰੀ ਸਤਿਗੁਰੂ ਜੀ ਨੂੰ ਵਿਖਾਉਂਦਿਆਂ ਆਪਣੀਆਂ ਪ੍ਰਾਪਤੀਆਂ ਦੱਸੀਆਂ। ਕੱਦੋਂ ਕਾਠੋਂ ਤਗੜਾ ਅਤੇ ਮਜ਼ਬੂਤ ਜੁੱਸੇ ਵਾਲਾ ਇਹ ਨੌਜੁਆਨ ਸਰਕਸ ਵਿੱਚ ਵੀ ਕਈ ਸਟੰਟ ਕਰਦਾ ਸੀ। ਆਪਣੇ ਸਰੀਰ ਤੇ ਫੱਟਾ ਰੱਖ ਕੇ ਉੱਪਰੋਂ ਹਾਥੀ ਲੰਘਾਉਣਾ। ਇੱਕ ਹੱਥ ਵਿੱਚ ਸਟੀਲ ਦੀ ਥਾਲੀ ਫੜ੍ਹ ਕੇ ਦੂਜਾ ਹੱਥ ਮਾਰ ਕੇ ਥਾਲੀ ਪਾੜ ਦੇਣੀ ਆਦਿ। ਸ੍ਰੀ ਸਤਿਗੁਰੂ ਜੀ ਨੇ ਬੜੇ ਪ੍ਰੇਮ ਨਾਲ ਸਾਰੀਆਂ ਪ੍ਰਾਪਤੀ ਬਾਰੇ ਸੁਣਿਆ। ਕੰਡ ਥਾਪੜੀ ਅਤੇ ਖੁਸ਼ੀਆਂ ਬਖਸ਼ੀਆਂ। ਫੇਰ ਬੜੇ ਪ੍ਰੇਮ ਨਾਲ ਹੌਲੀ ਜਹੀ ਬਚਨ ਕੀਤਾ, "ਮੁਖਤਿਆਰ ਤੂੰ ਐਨਾ ਭਾਰ ਚੁੱਕ ਲੈਂਦਾ ਹੈਂ, ਥੋੜ੍ਹਾ ਜਿਹਾ ਮੇਰਾ ਵੀ ਭਾਰ ਚੁੱਕ ਲੈ।

'ਹੁਕਮ ਕਰੋ ਪਾਤਸ਼ਾਹ ਜੀ, ਕੀ ਹੁਕਮ ਹੈ?'

ਗੱਲ੍ਹਾਂ ਅਤੇ ਠੋਡੀ ਤੇ ਪ੍ਰੇਮ ਨਾਲ ਹੱਥ ਫੇਰ ਬਚਨ ਕੀਤਾ, "ਔਹ ਦਾੜ੍ਹੀ ਦਾ ਥੋੜ੍ਹਾ ਜਿਹਾ ਭਾਰ ਹੈ, ਇਹ ਵੀ ਚੁੱਕ ਲਿਆ ਕਰ।"

ਮੁਖਤਿਆਰ ਸਿੰਘ ਨੇ ਸੀਸ ਝੁਕਾ 'ਸਤਿ ਬਚਨ' ਕੀਤਾ ਅਤੇ ਫੇਰ ਨਹੀਂ ਕਦੇ ਰੋਮਾਂ ਦੀ ਬੇਅਦਬੀ ਕੀਤੀ। ਅੱਜ-ਕੱਲ੍ਹ ਮੁਖਤਿਆਰ ਸਿੰਘ ਖੁੱਲ੍ਹੇ ਦਾੜ੍ਹੇ ਵਾਲਾ ਦਰਸ਼ਨੀ ਸਿੱਖ ਹੈ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਕੇਵਲ ਨਾਮਧਾਰੀ ਨੌਜਵਾਨਾਂ ਨੂੰ ਹੀ ਨਹੀਂ ਸਨ ਨਿਵਾਜਦੇ, ਸਗੋਂ ਕੋਈ ਵੀ ਕਿਸੇ

ਜਾਤ, ਧਰਮ ਜਾਂ ਦੇਸ਼ ਦਾ ਹੋਵੇ, ਕਿਸੇ ਵੀ ਖੇਤਰ ਵਿੱਚ ਕੁਝ ਕਰ ਸਕਣ ਲਈ ਯੋਗਤਾ ਰੱਖਦਾ, ਯਤਨਸ਼ੀਲ ਹੁੰਦਾ ਤਾਂ ਆਪ ਉਸ ਨੂੰ ਉਤਸ਼ਾਹਿਤ ਕਰਦੇ। ਜਿਸ ਤਰ੍ਹਾਂ ਦੇ ਵੀ ਸਹਿਯੋਗ ਦੀ ਲੋੜ ਹੁੰਦੀ, ਮਦਦ ਕਰਦੇ। ਸਰਸੇ ਤੋਂ ਦਿੱਲੀ ਜਾਂਦਿਆਂ ਰੋਹਤਕ ਬਾਈਪਾਸ ਮੇਨ ਰੋਡ ਤੇ ਇੱਕ ਪਹਿਲਵਾਨੀ ਅਖਾੜਾ ਹੈ। 25-30 ਹਰਿਆਣਵੀ ਨੌਜਵਾਨ ਉੱਥੇ ਕਸਰਤ ਕਰਦੇ ਅਤੇ ਘੁਲਦੇ ਸਨ। ਸ੍ਰੀ ਸਤਿਗੁਰੂ ਜੀ ਨੇ ਜਦੋਂ ਵੀ ਉੱਥੋਂ ਲੰਘਣਾ, ਰੁਕ ਕੇ ਨੌਜਵਾਨਾਂ ਨੂੰ ਮਿਲਣਾ, ਖੁਸ਼ੀਆਂ ਬਖਸ਼ਣੀਆਂ, ਕਦੇ ਘਿਉ ਦਾ ਪੀਪਾ, ਕਦੇ ਬਦਾਮਾਂ ਦਾ ਗੱਟਾ, ਕਦੇ ਕਦੇ ਫਲਾਂ ਦੇ ਟੋਕਰੇ ਅਤੇ ਕਈ ਵਾਰ ਜੇ ਇਲਾਕਾ ਜੀਵਨ ਨਗਰ ਵਿੱਚ ਕਿਸੇ ਸਿੱਖ ਵਲੋਂ ਲੰਗਰ ਹੋਣਾ ਤਾਂ ਜਲੇਬ ਜਾਂ ਬੂੰਦੀ ਦਾ ਟੋਕਰਾ ਭਰ ਕੇ ਇਨ੍ਹਾਂ ਨੌਜਵਾਨਾਂ ਵਾਸਤੇ ਲੈ ਆਉਣਾ। ਸ੍ਰੀ ਸਤਿਗੁਰੂ ਜੀ ਦੇ ਪ੍ਰੇਮ ਕਲਾਵੇ ਵਿੱਚ ਹਰ ਜਾਤ, ਕੌਮ ਤੇ ਨਸਲ ਦੇ ਵਿਅਕਤੀ, ਬਿਨਾਂ ਕਿਸੇ ਭੇਦ ਭਾਵ ਦੇ ਸਮਾ ਜਾਂਦੇ ਸਨ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੌਜੁਆਨਾਂ ਨੂੰ ਹਰ ਪੱਖੋਂ ਸਮਰੱਥ ਬਣਾਉਣਾ ਚਾਹੁੰਦੇ ਸਨ। ਆਪ ਜੀ ਦਾ ਦ੍ਰਿਸ਼ਟੀਕੋਣ ਇੱਕ ਪੂਰਨ ਮਨੁੱਖ ਅਤੇ ਆਦਰਸ਼ ਸਮਾਜ ਸਿਰਜਣਾ ਸੀ। ਸੇਠ ਤਰਲੋਕ ਸਿੰਘ ਜੀ ਦੇ ਲੜਕੇ ਸ਼ੇਰ ਸਿੰਘ ਚਾਵਲਾ ਨੂੰ ਇੱਕ ਕਿਰਪਾ ਪੱਤਰ ਵਿੱਚ ਸ੍ਰੀ ਸਤਿਗੁਰੂ ਜੀ ਅੰਮ੍ਰਿਤ ਵੇਲੇ ਉੱਠਣ, ਸਣਕੇਸੀ ਇਸ਼ਨਾਨ ਕਰਕੇ ਨਾਮ ਸਿਮਰਨ ਕਰਨ, ਬਾਣੀ ਕੰਠ ਕਰਨ, ਕਸਰਤ ਕਰਨ, ਸਿਤਾਰ ਵਾਦਨ ਦਾ ਰਿਆਜ਼ ਕਰਨ, ਧਿਆਨ ਨਾਲ ਪੜ੍ਹਾਈ ਕਰਨ ਅਤੇ ਕੰਮ-ਵਿਹਾਰ ਵੱਲ ਵੀ ਵਕਤ ਦੇਣ ਲਈ ਤਾਕੀਦ ਕਰਦੇ ਹਨ। ਆਪ ਜੀ ਨੌਜੁਆਨਾਂ ਨੂੰ ਨਾਮ ਬਾਣੀ ਅਤੇ ਗੁਰਮਤਿ ਦੀ ਪ੍ਰੇਰਣਾ ਦੇ ਨਾਲ ਸਿਹਤ ਸੰਭਾਲਣ ਲਈ ਵੀ ਜ਼ਰੂਰ ਪ੍ਰੇਰਦੇ। ਜੇ ਕਿਸੇ ਨੌਜੁਆਨ ਦਾ ਪੇਟ ਥੋੜ੍ਹਾ ਜਿਹਾ ਵੀ ਵਧਿਆ ਹੋਣਾ ਤਾਂ ਪੇਟ ਤੇ ਹੱਥ ਲਾ ਕੇ ਆਖਣਾ ਦੌੜਿਆ ਕਰ, ਡੰਡ ਮਾਰਿਆ ਕਰ, ਪੇਟ, ਛਾਤੀ ਤੋਂ ਪਿਛਾਂਹ ਚਾਹੀਦਾ ਹੈ।

ਗੁਰਮਤਿ ਫਲਸਫੇ ਦਾ ਮੂਲ ਮੰਤਰ-ਵਿਵੇਕ ਬੁੱਧੀ, ਕਰਤ ਵਿਦਿਆ, ਅਜਿੱਤ ਇਰਾਦੇ ਅਤੇ 'ਨਿਸਚੈ ਕਰ ਅਪਨੀ ਜੀਤ ਕਰੋਂ' ਦਾ ਦ੍ਰਿੜ ਸੰਕਲਪ ਸਤਿਗੁਰੂ ਜਗਜੀਤ ਸਿੰਘ ਜੀ ਨੇ ਨਾਮਧਾਰੀ ਨੌਜੁਆਨਾਂ ਨੂੰ ਦ੍ਰਿੜਾਇਆ। ਆਪ ਜੀ ਦੇ ਉਚੇਚੇ ਜਤਨਾਂ ਅਤੇ ਕਿਰਪਾ ਦ੍ਰਿਸ਼ਟੀ ਸਦਕਾ ਨਾਮਧਾਰੀ ਸਪੋਰਟਸ ਅਕੈਡਮੀ ਸ੍ਰੀ ਭੈਣੀ ਸਾਹਿਬ ਨੇ ਓਲੰਪੀਅਨ ਪੈਦਾ ਕੀਤੇ ਹਨ। ਖੇਡ ਦੇ ਮੈਦਾਨ ਵਿੱਚ ਸਿੱਖੀ ਸਰੂਪ ਨੂੰ ਬੁਲੰਦੀਆਂ ਤੇ ਪੁਚਾਇਆ। ਆਪ ਜੀ ਦੇ ਪਗ-ਚਿੰਨ੍ਹਾਂ ਤੇ ਚੱਲਦਿਆਂ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਸ੍ਰੀ ਭੈਣੀ ਸਾਹਿਬ ਵਿਖੇ 100 ਕੁ ਬੱਚੇ ਇਕੱਠੇ ਕਰਕੇ ਫੁੱਟਬਾਲ ਦੀ ਟੀਮ ਤਿਆਰ ਕਰਨੀ ਸ਼ੁਰੂ ਕੀਤੀ ਹੈ।

ਜਿਸ ਧਰਮ ਮਾਰਗ ਦੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸੰਚਾਲਕ ਸਨ, ਮਾਰਗ ਦਰਸ਼ਕ ਸਨ ਉਹ ਹੈ- 'ਦੁਨੀਆਂਦਾਰੀ ਅਤੇ ਰੂਹਾਨੀਅਤ ਦਾ ਅਨੂਠਾ ਸੁਮੇਲ ਸਿੱਖੀ-ਸੱਭਿਆਚਾਰ। ਗੁਰਮਤਿ ਅਨੁਸਾਰ ਸਾਰੀਆਂ ਖੇਡਾਂ ਤੋਂ ਔਖੀ ਖੇਡ ਹੈ 'ਮਨ ਨੂੰ ਜਿੱਤਣ ਦੀ ਖੇਡ' ਜਿਸ ਬਾਰੇ ਰਾਗ ਗਉੜੀ ਵਿੱਚ ਨੌਵੇਂ ਮਹੱਲੇ ਦਾ ਸ਼ਬਦ ਹੈ :

ਸਾਧੋ ਮਨ ਕਾ ਮਾਨੁ ਤਿਆਗਉ ॥
ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ
ਤਾ ਤੇ ਅਹਿਨਿਸਿ ਭਾਗਉ ॥ 1 ॥ ਰਹਾਉ ॥
ਸੁਖੁ ਦੁਖੁ ਦੋਨੋ ਸਮ ਕਰਿ ਜਾਨੈ
ਅਉਰੁ ਮਾਨੁ ਅਪਮਾਨਾ ॥
ਹਰਖ ਸੋਗ ਤੇ ਰਹੈ ਅਤੀਤਾ
ਤਿਨਿ ਜਗਿ ਤਤੁ ਪਛਾਨਾ ॥
ਉਸਤਤਿ ਨਿੰਦਾ ਦੋਊ ਤਿਆਗੈ
ਖੋਜੈ ਪਦੁ ਨਿਰਬਾਨਾ ॥
ਜਨ ਨਾਨਕ ਇਹੁ ਖੇਲੁ ਕਠਨੁ ਹੈ
ਕਿਨਹੂੰ ਗੁਰਮੁਖਿ ਜਾਨਾ ॥

ਇਹ ਕਠਿਨ ਖੇਡ ਉਸੇ ਸਮਰੱਥ ਗੁਰੂ ਦੀ ਕਿਰਪਾ ਨਾਲ ਹੀ ਜਿੱਤੀ ਜਾ ਸਕਦੀ ਹੈ, ਜਿਸ ਬਾਰੇ ਗੁਰਵਾਕ ਹੈ-

ਸੋ ਸਤਿਗੁਰੁ ਜਿ ਸਚੁ ਧਿਆਇਦਾ
ਸਚੁ ਸਚਾ ਸਤਿਗੁਰੁ ਇਕੇ ॥
ਸੋਈ ਸਤਿਗੁਰੁ ਪੁਰਖੁ ਹੈ
ਜਿਨਿ ਪੰਜੇ ਦੂਤ ਕੀਤੇ ਵਸਿ ਛਿਕੇ ॥

ਇਨ੍ਹਾਂ ਤਾਰੀਫਾਂ ਵਾਲੇ ਸਤਿਗੁਰੂ ਜਗਜੀਤ ਸਿੰਘ ਜੀ ਨਾਮ ਜਪਵਾ ਕੇ, ਗੁਰਬਾਣੀ ਅਨੁਸਾਰ ਜੀਵਨ ਜੀਊਣ ਦੀ ਪ੍ਰੇਰਣਾ ਦੇਂਦੇ ਅਤੇ ਬਚਨ ਕਰਿਆ ਕਰਦੇ ਸਨ ਕਿ ਉਸ ਖੇਡ ਦਾ ਵੀ ਅਭਿਆਸ ਕਰਿਆ ਕਰੋ, ਜੋ ਹਰੀ ਨੂੰ, ਭਗਵਾਨ ਨੂੰ ਪਿਆਰੀ ਹੈ-ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ ਵਿਸ਼ਿਆਂ ਵਿਕਾਰਾਂ ਨੂੰ ਜਿੱਤਣ ਦੀ ਖੇਡ-

ਕਰਮ ਧਰਮ ਤੁਮ ਚਉਪੜਿ
ਸਾਜਹੁ ਸਤੁ ਕਰਹੁ ਤੁਮ ਸਾਰੀ ॥
ਕਾਮੁ ਕ੍ਰੋਧੁ ਲੋਭੁ ਮੋਹੁ ਜੀਤਹੁ
ਐਸੀ ਖੇਲ ਹਰਿ ਪਿਆਰੀ ॥

**ਸੰਪਰਕ 9417601321**

..................................................

# ਰਾਗ ਨਾਦ ਦੇ ਬਹੁਪੱਖੀ ਸਿੱਧ ਸਾਧਕ- ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

**ਦੇਵਿੰਦਰ ਸਿੰਘ ਗਿੱਲ (ਜੀਆ ਨੱਥਾ)**

ਸਿੱਖ ਧਰਮ ਦੀ ਆਰੰਭਤਾ ਅਤੇ ਅਕਾਲ ਪੁਰਖ ਨਾਲ ਇਕਸੁਰਤਾ ਤੇ ਇਕਮਿਕਤਾ ਰਾਗ ਨਾਦ ਦੀ ਸੁਰ ਸਾਂਝ ਤੋਂ ਹੋਈ ਹੈ। ਸੁਲਤਾਨਪੁਰ ਦੀ ਧਰਤੀ ਤੋਂ ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਨਾ ਕੋ ਹਿੰਦੂ ਨਾਂਹ ਮੁਸਲਮਾਨ' ਦਾ ਹੋਕਾ ਦੇ ਕੇ ਨਵੀਂ ਵਿਚਾਰਧਾਰਾ ਲੋਕਾਈ ਨੂੰ ਦਿੱਤੀ, ਉਦੋਂ ਹੀ ਉਨ੍ਹਾਂ ਦੇ ਸੰਪਰਕ ਵਿੱਚ ਭਾਈ ਦਾਨਾ ਮਿਰਾਸੀ ਆਇਆ ਸੀ। ਗੁਰੂ ਜੀ ਨੇ ਕਿਹਾ ਸੀ, ਦਾਨਿਆ ਜੇ ਤੂੰ ਮਰਦ ਬਣ ਕੇ ਰਬਾਬ ਸੁਰ ਕਰਕੇ ਅਕਾਲ ਪੁਰਖ ਦੀ ਸਿਫ਼ਤ ਕਰੇਂਗਾ ਤਾਂ ਤੂੰ ਮਰਦਾਨਾ ਕਹਾਵੇਂਗਾ ਅੱਗੋਂ ਮਰਦਾਨਾ ਵੀ ਗੁਰੂ ਜੀ ਦਾ ਹੁਕਮ ਮੰਨ ਕੇ ਰਬਾਬ ਲੈ ਕੇ ਗੁਰੂ ਜੀ ਨਾਲ ਧਰਤ (ਲੋਕਾਈ) ਨੂੰ ਸੋਧਣ ਲਈ ਗੁਰੂ ਜੀ ਦਾ ਸੰਗੀ ਹੋ ਗਿਆ ਸੀ।

ਗੁਰੂ ਜੀ ਨੇ ਰਾਗਾਂ ਵਿਚ ਬਾਣੀ ਦੀ ਰਚਨਾ ਕੀਤੀ ਅਤੇ ਫੇਰ ਉਸਨੂੰ ਸਮੇਂ-ਸਮੇਂ ਉਚਾਰ ਕੇ ਉਹੋ ਰਾਗਾਂ ਵਿੱਚ ਗਾਇਨ ਕਰਕੇ ਲੋਕਾਈ ਦੇ ਰਾਹ ਦਸੇਰਾ ਬਣੇ। ਉਹੋ ਪਰੰਪਰਾ ਤੇ ਰੀਤ ਨੂੰ ਅਗਲੇਰੇ ਗੁਰੂ ਸਾਹਿਬਾਨ ਨੇ ਨਿਬਾਹਿਆ ਅਤੇ ਪੰਚਮ ਪਾਤਸ਼ਾਹ ਜੀ ਨੇ ਸ੍ਰੀ ਆਦਿ ਗਰੰਥ ਸਾਹਿਬ ਵਿੱਚ ਸਮੁੱਚੀ ਬਾਣੀ ਨੂੰ 31 ਰਾਗਾਂ ਵਿੱਚ ਸੰਪਾਦਿਤ ਕਰਕੇ ਸਦਾ ਲਈ ਗੁਰਮਤਿ ਸੰਗੀਤ ਅਤੇ ਭਾਰਤੀ ਸੰਸਕ੍ਰਿਤੀ ਨੂੰ ਨਵੀਨ ਰੂਪ ਵਿੱਚ ਅਮਰ ਕਰ ਦਿੱਤਾ। ਜਿਸ ਵਿੱਚ ਭਵਿੱਖ ਵਿੱਚ ਕਦੇ ਵੀ ਕੋਈ ਨੁਕਤਾਚੀਨੀ ਨਹੀਂ ਕਰ ਸਕਦਾ। ਅੱਜ ਉਹ ਬਾਣੀ ਦਾ ਭੰਡਾਰ ਜਿੱਥੇ ਅਧਿਆਤਮਵਾਦ ਦੇ ਜਗਿਆਸੂਆਂ ਦਾ ਰਾਹ ਦਸੇਰਾ ਬਣਦੀ ਹੈ, ਉਥੇ ਅੱਜ ਸੰਸਾਰਿਕ ਵਸੀਲੇ ਤੇ ਰੋਟੀ ਰੋਜ਼ੀ ਦਾ ਸਾਧਨ ਵੀ ਬਣੀ ਹੋਈ ਹੈ।

ਸਤਿਗੁਰੂ ਰਾਮ ਸਿੰਘ ਜੀ ਨੇ ਵੀ ਗੁਰੂ ਸਾਹਿਬਾਨ ਦੀ ਪ੍ਰਾਚੀਨ ਗੁਰਮਤਿ ਸੰਗੀਤ ਰੀਤ ਨੂੰ ਨਿਬਾਹਿਆ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਗੁਰਮਤਿ ਸੰਗੀਤ ਵੱਲ ਉਚੇਚਾ ਧਿਆਨ ਦਿੱਤਾ ਅਤੇ ਅਲੋਪ ਹੋ ਰਹੀਆਂ ਪ੍ਰਾਚੀਨ ਰੀਤਾਂ ਜੋ ਗੁਰਮਤਿ ਸੰਗੀਤ ਦਾ ਹਿੱਸਾ ਹੋਇਆ ਕਰਦੀਆਂ ਸਨ, ਉਨ੍ਹਾਂ ਦੀ ਸਾਂਭ ਸੰਭਾਲ ਕੀਤੀ ਅਤੇ ਉਨ੍ਹਾਂ ਨੂੰ ਨਾਮਧਾਰੀ ਜਗਤ ਵਿਚ ਪ੍ਰਚਲਤ ਕੀਤਾ ਸੀ। ਪ੍ਰੀਤਮ ਸਿੰਘ ਕਵੀ ਅਨੁਸਾਰ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ 1928 ਈਸਵੀ ਵਿੱਚ ਨਾਮਧਾਰੀ ਸੰਗੀਤ ਸਕੂਲ ਦੀ ਹੋਂਦ ਪ੍ਰਗਟ ਕੀਤੀ ਅਤੇ ਆਪ ਉਨ੍ਹਾਂ ਨੇ ਮਹੰਤ ਗੱਜਾ ਸਿੰਘ ਦੇ ਸ਼ਾਗਿਰਦ ਭਾਈ ਮਸਤਾਨ ਸਿੰਘ ਉਸਤਾਦ ਤੋਂ ਗੁਰਮਤਿ ਸੰਗੀਤ ਦੀ ਤਾਲੀਮ ਹਾਸਲ ਕੀਤੀ ਸੀ।

ਸਤਿਗੁਰੂ ਜੀ ਨੇ ਵੱਡੇ ਸਾਹਿਬਜ਼ਾਦੇ (ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ) ਨੂੰ ਸਾਢੇ ਚਾਰ ਸਾਲ ਦੀ ਉਮਰ ਵਿਚ ਪ੍ਰਸਿੱਧ ਸੰਗੀਤਾਚਾਰੀਯ ਭਾਈ ਹਰਨਾਮ ਸਿੰਘ ਜੀ ਚਵਿੰਡੇ ਵਾਲਿਆਂ ਦੇ ਸਪੁਰਦ ਕੀਤਾ, ਉਨ੍ਹਾਂ ਨੂੰ ਸਵੇਰੇ ਚਾਰ ਵਜੇ ਤੋਂ ਸੱਤ ਵਜੇ ਅਤੇ ਸ਼ਾਮ ਨੂੰ ਪੰਜ ਤੋਂ ਅੱਠ ਵਜੇ ਤਕ ਹਾਜ਼ਰੀ ਭਰਨੀ ਪੈਂਦੀ ਸੀ। ਉਨ੍ਹਾਂ ਕੋਲੋਂ (ਸਤਿਗੁਰੂ) ਜਗਜੀਤ ਸਿੰਘ ਜੀ ਨੇ ਬਹੁਤ ਸ਼ੌਕ ਤੇ ਲਗਨ ਨਾਲ ਸੰਗੀਤ ਦੀ ਸਿੱਖਿਆ ਹਾਸਲ ਕੀਤੀ ਅਤੇ ਫਿਰ ਸਖ਼ਤ ਸਾਧਨਾ ਕਰਕੇ ਆਪ ਜੀ ਰਾਗ ਨਾਦ ਦੇ ਸਿੱਧ ਸਾਧਕ ਬਣ ਗਏ ਸਨ। ਸਤਿਗੁਰੂ ਜਗਜੀਤ ਸਿੰਘ ਜੀ ਤੋਂ ਬਾਅਦ ਮਹਾਰਾਜ ਬੀਰ ਸਿੰਘ ਜੀ ਨੂੰ ਵੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਿੱਖਿਆ ਦਿਵਾ ਕੇ ਸੰਗੀਤ ਦੇ ਧੁਰੰਦਰ ਵਿਦਵਾਨ ਬਣਾ ਦਿੱਤਾ, ਉਹ ਕਾਮਲ ਵਾਜੰਤਰੀ ਬਣ ਗਏ ਸਨ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਹੋ ਕਠਿਨ ਵਿਦਿਆ ਨੂੰ ਸਿਰਫ਼ ਗੁਰੂ ਘਰ ਤਕ ਹੀ ਸੀਮਤ ਨਾ ਰੱਖਿਆ ਸਗੋਂ ਸਮੂਹ ਨਾਮਧਾਰੀ ਜਗਤ ਲਈ ਸਰਬ-ਸਾਂਝਾ ਕੀਤਾ ਅਤੇ ਵਿਦਿਆਰਥੀਆਂ ਦੇ ਦੋ ਗਰੁੱਪ ਹੋਂਦ ਵਿੱਚ ਆਏ ਜਿਨ੍ਹਾਂ ਨੇ ਸੰਗੀਤ ਸਾਧਨਾ ਕਰਕੇ ਅਤੇ ਹੋਰ ਖੇਤਰਾਂ ਵਿੱਚ ਵੀ ਮਿਹਨਤ ਕਰਕੇ ਪੰਥ ਵਿੱਚ ਨਾਮ ਕਮਾਇਆ ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੀਆਂ ਖੁਸ਼ੀਆਂ ਹਾਸਲ ਕੀਤੀਆਂ ਸਨ।

**ਪਹਿਲੇ ਗਰੁੱਪ ਵਾਲੇ ਸਿਖਿਆਰਥੀਆਂ ਦੇ ਨਾਮ–**

1. ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ 2. ਪੰਡਤ ਰਾਜਿੰਦਰ ਸਿੰਘ ਗੁਰੂਸਰ 3. ਸ੍ਰੀ ਕੁੰਦਨ ਸਿੰਘ ਨਕਈ 4. ਸ੍ਰੀ ਤ੍ਰਿਲੋਕ ਸਿੰਘ ਨਕਈ 5. ਸ੍ਰੀ ਬਲਵੰਤ ਸਿੰਘ ਬੀੜ ਮਠਾਰੜੂ 6. ਪ੍ਰੀਤਮ ਸਿੰਘ ਕਵੀ 7. ਸ੍ਰੀ ਸੰਤੋਖ ਸਿੰਘ ਰਿਖੀ, ਗੁਜਰਾਂਵਾਲਾ

**ਦੂਜੇ ਗਰੁੱਪ ਵਾਲੇ ਸਿਖਿਆਰਥੀਆਂ ਦੇ ਨਾਮ–**

1. ਮਹਾਰਾਜ ਬੀਰ ਸਿੰਘ ਜੀ 2. ਸ੍ਰੀ ਹਜ਼ੂਰ ਸਿੰਘ ਚੰਦਰਹਾਂਸ 3. ਸ੍ਰੀ ਮਾਨ ਸਿੰਘ ਪਿੰਡ ਕੋਟਲੀ ਅਰੂਰ ਜ਼ਿਲ੍ਹਾ ਗੁਜਰਾਂਵਾਲਾ 4. ਸ੍ਰੀ ਗੁਰਬਖ਼ਸ਼ ਸਿੰਘ ਰਾਵਲਪਿੰਡੀ 5. ਸ੍ਰੀ

ਬਲਵੰਤ ਸਿੰਘ ਰਾਵਲਪਿੰਡੀ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਭਾਈ ਮਸਤਾਨ ਸਿੰਘ ਜੀ ਤੋਂ ਦਿਲਰੁਬਾ ਦੀ ਸਿੱਖਿਆ ਪ੍ਰਾਪਤ ਕੀਤੀ ਸੀ। ਆਖਿਆ ਜਾਂਦਾ ਹੈ ਕਿ ਭਾਈ ਮਸਤਾਨ ਸਿੰਘ ਜੀ (ਭਾਈ ਜੀਵਨ ਸਿੰਘ) ਦਿਲਰੁਬਾ ਸਾਜ਼ ਦੇ ਪ੍ਰਬੀਨ ਵਜੰਤਰੀ ਸਨ ਅਤੇ ਜਦੋਂ ਉਹ ਦਿਲਰੁਬਾ ਦੀਆਂ ਤਰਬਾਂ ਨੂੰ ਛੇੜਦੇ ਤਾਂ ਵਜਾਉਂਦੇ ਆਪ ਵੀ ਮਸਤ ਹੋ ਜਾਇਆ ਕਰਦੇ ਅਤੇ ਸਰੋਤਿਆਂ ਨੂੰ ਵੀ ਮੰਤਰ ਮੁਗਧ ਕਰ ਦੇਂਦੇ ਸਨ। ਫਿਰ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸੰਗੀਤ ਸਿੱਖਿਆ ਦੇ ਖ਼ਜ਼ਾਨੇ ਨੂੰ ਹੋਰ ਭਰਪੂਰ ਕਰਨ ਲਈ ਤਲਵੰਡੀ ਘਰਾਣੇ ਦੇ ਕਲਾਵੰਤ ਉਸਤਾਦ ਊਧੋ ਖਾਂ ਸਾਹਿਬ ਅਤੇ ਉਨ੍ਹਾਂ ਦੇ ਸਪੁੱਤਰ ਉਸਤਾਦ ਰਹੀਮ ਬਖ਼ਸ਼ ਨੂੰ ਸ਼ਾਸਤਰੀ ਸੰਗੀਤ ਦੀ ਸਿੱਖਿਆ ਲਈ ਨਿਯੁਕਤ ਕੀਤਾ। ਫੇਰ ਹੋਰ ਤਾਲੀਮ ਲਈ ਅੰਮ੍ਰਿਤਸਰ ਤੋਂ ਪ੍ਰਸਿੱਧ ਰਬਾਬੀ ਭਾਈ ਤਾਬਾ ਜੀ ਅਤੇ ਭਾਈ ਨਸੀਰ ਜੀ ਨੂੰ ਸ੍ਰੀ ਭੈਣੀ ਸਾਹਿਬ ਬੁਲਾਇਆ ਜਾਂਦਾ ਜੋ ਕਾਫ਼ੀ ਦਿਨ ਸ੍ਰੀ ਭੈਣੀ ਸਾਹਿਬ ਰਹਿਕੇ ਸਿਖਿਆਰਥੀਆਂ ਨੂੰ ਸਿੱਖਿਆ ਦਿਆ ਕਰਦੇ ਸਨ। ਇਸ ਪ੍ਰਕਾਰ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਜੀਵਨ ਭਰ ਦਾ ਸੰਗ੍ਰਹਿ ਕੀਤਾ ਸੰਗੀਤ ਖਜ਼ਾਨਾ ਗੁਰਗੱਦੀ ਦੇ ਅਗਲੇ ਵਾਰਸ ਨੂੰ ਸੌਂਪ ਕੇ ਉਨ੍ਹਾਂ ਨੂੰ ਬਹੁ-ਪੱਖੀ ਸਿੱਧ ਸਾਧਕ ਬਣਾ ਦਿੱਤਾ ਅਤੇ ਇਸਦੇ ਨਾਲ ਹੋਰ ਸਿਖਿਆਰਥੀਆਂ ਨੂੰ ਵੀ ਮਾਲਾ ਮਾਲ ਕਰ ਦਿੱਤਾ ਸੀ।

1959 ਈਸਵੀ ਵਿੱਚ ਨਾਮਧਾਰੀ ਪੰਥ ਦੀ ਗੁਰਗੱਦੀ ਦੀ ਜ਼ੁੰਮੇਵਾਰੀ ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸੰਭਾਲਿਆ। ਆਪ ਜੀ ਨੇ 1965 ਈਸਵੀ ਵਿੱਚ ਵਿਸ਼ਵ ਨਾਮਧਾਰੀ ਵਿੱਦਿਅਕ ਜਥੇ ਦੀ ਸਥਾਪਨਾ ਕਰਕੇ ਸਮੁੱਚੀ ਨੌਜਵਾਨੀ ਨੂੰ ਆਪਣੇ ਕਲਾਵੇ ਵਿੱਚ ਲੈ ਲਿਆ ਅਤੇ ਉਨ੍ਹਾਂ ਦੇ ਰਾਹ ਦਸੇਰਾ ਬਣ ਕੇ ਉਨ੍ਹਾਂ ਦਾ ਮਾਰਗ ਦਰਸ਼ਨ ਕਰਨਾ ਸ਼ੁਰੂ ਕੀਤਾ। ਉਨ੍ਹਾਂ ਨੇ ਹਰ ਖੇਤਰ ਵਿੱਚ ਨੌਜਵਾਨਾਂ ਦੀ ਅਗਵਾਈ ਕੀਤੀ ਅਤੇ ਗੁਰਮਤਿ ਸੰਗੀਤ ਦਾ ਨਿਵੇਕਲਾ ਪ੍ਰਵਾਹ ਚਲਾ ਦਿੱਤਾ। ਉਨ੍ਹਾਂ ਨੇ ਯੋਗ ਅਤੇ ਬੁੱਧੀਮਾਨ ਬੱਚਿਆਂ ਨੂੰ ਸੰਗੀਤ ਦੀ ਸਿੱਖਿਆ ਦਿਵਾਈ। ਜਿੱਥੇ ਵੀ ਹਿੰਦੋਸਤਾਨ ਵਿੱਚ ਯੋਗ ਉਸਤਾਦ ਦਾ ਪਤਾ ਲੱਗਾ, ਉਸ ਕੋਲ ਸਿਖਿਆਰਥੀਆਂ ਨੂੰ ਭੇਜ ਕੇ ਸੰਗੀਤ ਦੇ ਖ਼ਜ਼ਾਨੇ ਨੂੰ ਮਾਲਾ-ਮਾਲ ਕਰਦੇ। ਪ੍ਰਸਿੱਧ ਉਸਤਾਦਾਂ ਕੋਲ ਭੇਜੇ ਗਏ ਕੁਝ ਸਿਖਿਆਰਥੀਆਂ ਦੇ ਨਾਮ ਇਸ ਪ੍ਰਕਾਰ ਹਨ-

**ਉਸਤਾਦ ਵਲਾਇਤ ਖ਼ਾਨ ਦੇ ਸਿਖਿਆਰਥੀ-**

1. ਸ੍ਰੀ ਧਰਮਵੀਰ ਸਿੰਘ ਯੂ.ਕੇ. (ਸਿਤਾਰ) 2. ਸ੍ਰੀ ਸ਼ੇਰ ਸਿੰਘ ਚਾਵਲਾ ਯੂ.ਐਸ.ਏ. (ਸਿਤਾਰ) 3. ਸ੍ਰੀ ਬਲਜੀਤ ਸਿੰਘ ਖਾਪੜਖੇੜੀ (ਵੋਕਲ) 4. ਸ੍ਰੀ ਮੋਹਨ ਸਿੰਘ ਭੈਣੀ ਸਾਹਿਬ 5. ਸ੍ਰੀ ਸੁਖਦੇਵ ਸਿੰਘ ਭੈਣੀ ਸਾਹਿਬ (ਵੋਕਲ)

**ਉਸਤਾਦ ਅਮਜਦ ਅਲੀ ਦੇ ਸ਼ਾਗਿਰਦ-**

1. ਸ੍ਰੀ ਗੁਰਦੇਵ ਸਿੰਘ ਯੂ.ਕੇ. (ਸਰੋਦ) 2. ਸ੍ਰੀ ਹਰਭਜਨ ਸਿੰਘ ਦਿੱਲੀ (ਸਿਤਾਰ)

**ਪੰਡਤ ਰਾਮ ਨਾਰਾਯਣ ਬੰਬਈ ਦੇ ਸ਼ਾਗਿਰਦ-**

1. ਸ੍ਰੀ ਸੁਰਜੀਤ ਸਿੰਘ ਦਿੱਲੀ (ਸਾਰੰਗੀ) 2. ਸ੍ਰੀ ਅਵਤਾਰ ਸਿੰਘ ਮੰਡੀ (ਬੰਬਈ ਸਰੰਗੀ)

**ਪੰਡਿਤ ਸ਼ਿਵ ਕੁਮਾਰ ਸ਼ਰਮਾ (ਸੰਤੂਰ) ਦੇ ਸਿਖਿਆਰਥੀ-**

1. ਸ੍ਰੀ ਹਰਜਿੰਦਰਪਾਲ ਸਿੰਘ ਜਬਲਪੁਰ 2. ਸ੍ਰੀ ਕ੍ਰਿਪਾਲ ਸਿੰਘ ਯੂ.ਕੇ. 3. ਸ੍ਰੀ ਹਰਪਾਲ ਸਿੰਘ ਭੱਲੀ (ਨੈਰੋਬੀ)

**ਪੰਡਤ ਹਰੀ ਪ੍ਰਸਾਦ ਚੌਰਸੀਆ (ਬੰਸਰੀ ਵਾਦਕ) ਦੇ ਸ਼ਾਗਿਰਦ-**

1. ਸ੍ਰੀ ਸਤਪਾਲ ਸਿੰਘ ਜੰਮੂ

**ਪੰਡਤ ਕਿਸ਼ਨ ਮਹਾਰਾਜ (ਤਬਲਾ) ਦੇ ਸ਼ਾਗਿਰਦ-**

1. ਸ੍ਰੀ ਸੁਖਦੇਵ ਸਿੰਘ ਜਲੰਧਰ 2. ਸ੍ਰੀ ਸੁਖਵਿੰਦਰ ਸਿੰਘ ਪਿੰਕੀ ਯੂ.ਕੇ./ਭੈਣੀ ਸਾਹਿਬ 3. ਸ੍ਰੀ ਹਰਪਾਲ ਸਿੰਘ ਭੱਲੀ ਨੈਰੋਬੀ 4. ਸ੍ਰੀ ਸੁਖਵਿੰਦਰ ਸਿੰਘ ਜਲੰਧਰ 5. ਸ੍ਰੀ ਸੁਖਦੇਵ ਸਿੰਘ ਸੁੱਖੀ ਸ੍ਰੀ ਭੈਣੀ ਸਾਹਿਬ/ਕੈਨੇਡਾ

**ਪੰਡਤ ਬਿਰਜੂ ਮਹਾਰਾਜ (ਕਲਾਸੀਕਲ ਡਾਂਸ) ਦੇ ਸ਼ਾਗਿਰਦ**

ਸ੍ਰੀ ਅਮਰ ਸਿੰਘ ਅੰਬਾ ਸ੍ਰੀ ਭੈਣੀ ਸਾਹਿਬ

**ਪੰਡਤ ਦੁਰਗਾ ਲਾਲ ਦੇ ਸ਼ਾਗਿਰਦ-**

1. ਸ੍ਰੀ ਬਲਵੰਤ ਸਿੰਘ ਦਿੱਲੀ 2. ਸ੍ਰੀ ਸੁਖਦੇਵ ਸਿੰਘ ਸ੍ਰੀ ਭੈਣੀ ਸਾਹਿਬ (ਪਖਾਵਜ)

**ਪੰਡਤ ਸਾਮਤਾ ਪ੍ਰਸਾਦ ਬਨਾਰਸ (ਤਬਲਾ) ਦੇ ਸ਼ਾਗਿਰਦ-**

1. ਸ੍ਰੀ ਅਵਤਾਰ ਸਿੰਘ ਅੰਮ੍ਰਿਤਸਰ 2. ਸ੍ਰੀ ਗੁਰਦਿੱਤ ਸਿੰਘ ਦਿੱਲੀ

**ਉਸਤਾਦ ਅੱਲਾ ਰੱਖਾ ਖਾਨ (ਤਬਲਾ) ਦੇ ਸ਼ਾਗਿਰਦ**

1. ਸ੍ਰੀ ਜਤਿੰਦਰ ਪਾਲ ਸਿੰਘ ਜਲੰਧਰ (ਪਖਾਵਜ) 2. ਸ੍ਰੀ ਕੁਲਵੰਤ ਸਿੰਘ ਜਲੰਧਰ (ਤਬਲਾ) 3. ਸ੍ਰੀ ਤਰਸੇਮ ਸਿੰਘ ਜਲੰਧਰ 4. ਸ੍ਰੀ ਕੁਲਵਿੰਦਰ ਸਿੰਘ ਜਲੰਧਰ 5. ਸ੍ਰੀ ਸੁਰਿੰਦਰ ਸਿੰਘ ਮੰਡੀ/ਬੰਬਈ

ਇਹ ਉਸਤਾਦ/ਸ਼ਗਿਰਦਾਂ ਦੀ ਸੂਚੀ ਬਹੁਤ ਲੰਬੀ

ਹੈ। ਇਸ ਛੋਟੇ ਜਿਹੇ ਲੇਖ ਵਿੱਚ ਸਭਨਾਂ ਦੇ ਨਾਮ ਆਉਣੇ ਅਸੰਭਵ ਹਨ। ਸਿਰਫ ਕੁਝ ਕੁ ਨਾਮ ਹੀ ਏਥੇ ਲਿਖੇ ਗਏ ਹਨ। ਉਪਰੋਕਤ ਉਸਤਾਦਾਂ ਤੋਂ ਬਿਨਾਂ ਉਸਤਾਦ ਬਿਸਮਿੱਲਾ ਖ਼ਾਨ, ਉਸਤਾਦ ਪਿਆਰਾ ਸਿੰਘ (ਤਾਰ ਸ਼ਹਿਨਾਈ), ਪੰਡਤ ਪ੍ਰੇਮ ਵੱਲਭ (ਤਬਲਾ), ਉਸਤਾਦ ਸ੍ਰੀ ਰਾਜਨ ਸਾਜਨ ਮਿਸ਼ਰਾ (ਵੋਕਲ), ਪੰਡਤ ਹਨੂਮਾਨ ਪ੍ਰਸਾਦ ਮਿਸ਼ਰਾ (ਤਬਲਾ), ਉਸਤਾਦ ਇਮਰਤ ਖਾਨ (ਸਿਤਾਰ), ਸ੍ਰੀ ਕੇ.ਐਲ. ਪੰਡਤ (ਵੋਕਲ), ਪੰਡਤ ਗੋਪਾਲ ਕ੍ਰਿਸ਼ਨ (ਵੀਣਾ), ਸ੍ਰੀ ਰਾਮ ਜੀ ਮਿਸ਼ਰਾ (ਤਬਲਾ), ਪ੍ਰੋ.ਯਸਪਾਲ ਚੰਡੀਗੜ੍ਹ (ਵੋਕਲ) ਆਦਿਕ ਉਸਤਾਦਾਂ ਕੋਲ ਸਮੇਂ-ਸਮੇਂ ਨਾਮਧਾਰੀ ਨੌਜਵਾਨ ਸ਼ਾਗਿਰਦਾਂ ਨੂੰ ਸਿੱਖਿਆ ਗ੍ਰਹਿਣ ਕਰਨ ਲਈ ਭੇਜਿਆ ਜਾਂਦਾ ਰਿਹਾ ਹੈ। ਅੱਜ ਉਹੋ ਸ਼ਾਗਿਰਦ ਸਿੱਖਿਆ ਪ੍ਰਾਪਤ ਕਰ ਕੇ ਆਪੋ ਆਪਣੇ ਖੇਤਰਾਂ ਵਿੱਚ ਉਸਤਾਦ ਸਥਾਪਤ ਹੋ ਚੁੱਕੇ ਹਨ ਅਤੇ ਅੱਗੋਂ ਸ਼ਾਸਤਰੀ ਸੰਗੀਤ ਦਾ ਪ੍ਰਚਾਰ/ਪ੍ਰਸਾਰ ਕਰ ਰਹੇ ਹਨ।

ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪ ਵੀ ਨਾਮਧਾਰੀ ਸਿਖਿਆਰਥੀਆਂ ਲਈ ਨਵੇਂ ਤਾਲਾਂ ਦੀ ਸਿਰਜਣਾ ਕੀਤੀ ਸੀ ਅਤੇ ਵਿਕਟ ਮਾਤਰਾਵਾਂ ਵਾਲੇ ਤਾਲਾਂ ਵਿਚ ਪੌਣੇ ਅੱਠ, ਪੌਣੇ ਗਿਆਰਾਂ, ਸਵਾ ਚੌਦਾਂ, ਸਾਢੇ ਚੌਦਾਂ, ਪੌਣੇ ਪੰਦਰਾਂ ਅਤੇ ਫੇਰ ਇਸ ਤੋਂ ਵੀ ਕਠਿਨ ਤੇਰਾਂ ਸਹੀ ਸੱਤ ਬਟੇ ਅੱਠ ($13\frac{7}{8}$) ਵਿੱਚ ਰੀਤਾਂ ਦੀ ਸਿਰਜਣਾ ਕੀਤੀ ਸੀ। ਸਤਿਗੁਰੂ ਜੀ ਦੀ ਸੰਗੀਤ ਵਿਚ ਮੁਹਾਰਤ ਦੇਖ ਕੇ ਪ੍ਰਸਿੱਧ ਬੰਸਰੀ ਵਾਦਕ ਪੰਡਤ ਹਰੀ ਪ੍ਰਸਾਦ ਚੌਰਸੀਆ ਨੇ ਸਤਿਗੁਰੂ ਜੀ ਨੂੰ ਬੇਨਤੀ ਕੀਤੀ ਸੀ-

"ਕਭੀ ਹਮਾਰੇ ਗਰੀਬ ਖਾਨੇ ਬੰਬਈ ਭੀ ਤਸ਼ਰੀਫ਼ ਲਾਏਂ ਜਾਂ ਕ੍ਰਿਪਾ ਹਮੇ ਵਕਤ ਦੀਜੀਏਗਾ ਆਪ ਸੇ ਆਧੀ ਪੌਣੀ ਸਵਾਈ ਮਾਤਰਾ ਕਾ ਗਿਆਨ ਹਮ ਭੀ ਹਾਸਲ ਕਰ ਲੇਂ।"

ਇਹ ਸੰਗੀਤ ਵਿੱਦਿਆ ਦੀ ਸਾਧਨਾ ਹਰ ਕੋਈ ਨਹੀਂ ਕਰ ਸਕਦਾ, ਕਿਉਂਕਿ ਇਸ ਲਈ ਮਾਇਆ ਦੀ ਲੋੜ ਹੈ, ਅਧਿਕ ਮਿਹਨਤ ਦੀ ਲੋੜ ਹੈ ਅਤੇ ਸਭ ਤੋਂ ਵੱਧ ਚੰਗੇ ਉਸਤਾਦ ਦੀ ਲੋੜ ਹੈ, ਜੋ ਹਰ ਕਿਸੇ ਨੂੰ ਮਿਲ ਨਹੀਂ ਸਕਦੇ। ਸਤਿਗੁਰੂ ਜਗਜੀਤ ਸਿੰਘ ਜੀ ਨੇ ਨਾਮਧਾਰੀਆਂ ਦੀ ਇਹ ਲੋੜ ਨੂੰ ਪੂਰਿਆਂ ਕਰ ਦਿੱਤਾ। ਸ੍ਰੀ ਭੈਣੀ ਸਾਹਿਬ ਤੋਂ ਬਾਹਰ ਨੌਜਵਾਨਾਂ ਨੂੰ ਆਪਣੇ ਕੋਲੋਂ ਮਾਇਆ ਭੇਜ ਕੇ ਨੌਜਵਾਨਾਂ ਦੀ ਹਰ ਲੋੜ ਪੂਰੀ ਕਰ ਕੇ ਨੌਜਵਾਨਾਂ ਦਾ ਮਾਰਗ ਦਰਸ਼ਨ ਕੀਤਾ। ਪ੍ਰਸਿੱਧ ਉਸਤਾਦ ਅਮਜਦ ਅਲੀ ਖਾਨ ਸਰੋਦ ਸਮਰਾਟ ਨੇ 14-11-1999 ਨੂੰ ਕਿਹਾ ਸੀ-

"ਹਮਾਰੇ ਪਿਤਾ ਜੀ ਹਮੇਸ਼ਾ ਕਹਤੇ ਥੇ ਕੇ ਸ਼ਾਸ਼ਤ੍ਰੀ ਸੰਗੀਤ ਕੀ ਸੇਵਾ ਹਰ ਇਨਸਾਨ ਨਹੀ ਕਰ ਸਕਤਾ। ਇਸੇ ਕਰਨੇ ਵਾਲਾ ਬਾਦਸ਼ਾਹ ਹੋ ਯਾ ਫ਼ਕੀਰ ਹੋ। ਸਤਿਗੁਰੂ ਜਗਜੀਤ ਸਿੰਘ ਬਾਦਸ਼ਾਹ ਭੀ ਹੈਂ ਔਰ ਫਕੀਰ ਭੀ। ਆਪ ਏਕ ਰੋਸ਼ਨੀ ਹੈਂ ਜੋ ਪੂਰੇ ਹਿੰਦੋਸਤਾਨ ਕੋ ਰਾਸਤਾ ਦਿਖਾ ਰਹੇ ਹੈਂ ਕਿ ਸ਼ਾਸ਼ਤ੍ਰੀ ਸੰਗੀਤ ਕਿਆ ਹੈ? ਇਸ ਕੀ ਕੈਸੀ ਉਪਾਸਨਾ ਕਰਨੀ ਚਾਹੀਏ।"

ਸਤਿਗੁਰੂ ਜਗਜੀਤ ਸਿੰਘ ਜੀ ਦੇ ਜੋਤੀ-ਜੋਤ ਸਮਾ ਜਾਣ ਤੋਂ ਬਾਅਦ ਸਤਿਗੁਰੂ ਉਦੇ ਸਿੰਘ ਜੀ ਜੋ ਆਪ ਜੀ ਵੀ ਗੁਰਮਤਿ ਸੰਗੀਤ ਦੇ ਵਿਦਵਾਨ ਹਨ, ਸਤਿਗੁਰੂ ਜੀ ਦੀ ਸੰਗੀਤ ਫੁਲਵਾੜੀ ਦੀ ਸਾਂਭ ਸੰਭਾਲ ਕਰ ਰਹੇ ਹਨ ਅਤੇ ਸਤਿਗੁਰੂ ਜੀ ਦੇ ਪ੍ਰਕਾਸ਼ ਪੁਰਬ ਤੇ ਹਰ ਸਾਲ ਸੰਗੀਤ ਸੰਮੇਲਨ ਕਰਵਾਉਂਦੇ ਹਨ।

**ਸੰਪਰਕ- 94177-69103**

## ਮੂਰਤਿ ਤੁਮਰੀ ਜਬੈ ਨਿਹਾਰੀ

ਗੁਰ ਪ੍ਰਤਾਪ ਔ ਮਾਤ ਭੁਪਿੰਦਰ ਕੇ
ਸੁਤ ਕੀ ਪੂਰਨ ਵਡਿਆਈ।
ਸਰਗੁਣ ਰੂਪ ਧਰਾ ਧਰ ਸੁੰਦਰ ਮੂਰਤਿ
ਭੈਣੀ ਬੀਚ ਹੈ ਆਈ।
ਤਾਪ ਪਾਪ ਸੰਤਾਪ ਬਿਨਾਸੇ
ਦਰਸ ਕੀਯੋ ਜਬ ਮਾਈ ਭਾਈ।
ਗੁਰਸੇਵਕ ਨੇ ਨਾਮ ਤੇਰੇ ਕੀ
ਮਨ ਮੰਦਰ ਮੇਂ ਜੋਤਿ ਜਗਾਈ।
ਕਿਸ਼ਨ ਬਿਸ਼ਨ ਮਹੇਸ਼ ਮੁਨੀਵਰ
ਬ੍ਰਹਮਾ ਔ ਬਾਵਨ ਅਵਤਾਰੀ।
ਪਸੁ ਪਛੂ ਨਗ ਨਾਗ ਨਰਾਧਿਪ
ਗਾਵਤ ਤੁਮਰੀ ਉਪਮਾ ਭਾਰੀ।
ਇੰਦ੍ਰਪੁਰੀ ਅਰੁ ਦੇਵ ਲੋਕ ਮੇਂ
ਗੁਰ ਜਗਜੀਤ ਕੀ ਜੈ-ਜੈ ਕਾਰੀ।
ਗੁਰਸੇਵਕ ਭਵ ਪਾਰ ਪਯੋ ਹੈ
ਮੂਰਤਿ ਤੁਮਰੀ ਜਬੈ ਨਿਹਾਰੀ।

**-ਗੁਰਸੇਵਕ ਸਿੰਘ ਕਵੀਸ਼ਰ**

# ਤੇਰੇ ਗੁਣ ਬਹੁਤੇ ਮੈ ਏਕੁ ਨ ਜਾਣਿਆ

**– ਸੁਖਵਿੰਦਰ ਸਿੰਘ ਲਾਇਲ**

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਸ਼ਤਾਬਦੀ ਵਰ੍ਹਾ ਮਨਾਇਆ ਜਾ ਰਿਹਾ ਹੈ। ਬਹੁਤ ਸਾਰੇ ਪ੍ਰੋਗਰਾਮ ਪਿਛਲੇ ਹੋਲੇ ਤੇ ਅਗਾਊਂ ਉਲੀਕੇ ਗਏ ਸਨ। ਭਾਵੇਂ ਮਹਾਂਮਾਰੀ ਕਾਰਨ ਸੰਗਤ ਦੇ ਮੇਲੇ ਆਦਿ ਹਾਲੀਂ ਮੁਮਕਿਨ ਨਹੀਂ ਹੋ ਸਕੇ ਪਰ ਮੈਂ ਸੋਚਦਾ ਹਾਂ ਕਿ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਇਸ ਸ਼ਤਾਬਦੀ ਵਰ੍ਹੇ ਵਿੱਚ ਹਾਜ਼ਰਾ-ਹਜ਼ੂਰ ਸਤਿਗੁਰੂ ਜੀ ਨੇ ਸਾਧ ਸੰਗਤ ਪਾਸੋਂ ਜਿੰਨਾ ਨਾਮ ਸਿਮਰਨ ਕਰਵਾਇਆ ਹੈ ਲਾਕਡਾਊਨ ਦੌਰਾਨ ਪੁੰਨ ਦਾਨ ਕੀਤਾ ਕਰਵਾਇਆ ਹੈ ਇਹ ਸਭ ਸਤਿਗੁਰੂ ਜਗਜੀਤ ਸਿੰਘ ਜੀ ਦਾ ਉਹ ਪ੍ਰੋਗਰਾਮ ਹੀ ਹੈ ਜਿਸ ਬਾਬਤ ਹਜ਼ੂਰ ਸਤਿਗੁਰੂ ਜੀ ਨੇ ਗੁਰਗੱਦੀ ਤੇ ਸੁਭਾਇਮਾਨ ਹੁੰਦਿਆਂ ਹੀ ਇਸ ਪ੍ਰੋਗਰਾਮ ਤੇ ਚੱਲਣ ਦਾ ਹੁਕਮ ਕੀਤਾ ਸੀ। ਨਾਮ ਸਿਮਰਨ, ਗੁਰਬਾਣੀ ਪਾਠ, ਲੋੜਵੰਦਾਂ ਨੂੰ ਪ੍ਰਸ਼ਾਦਾ, ਬੀਮਾਰਾਂ ਦਾ ਇਲਾਜ਼, ਬੇਸਹਾਰਿਆਂ ਨੂੰ ਸਹਾਰਾ ਤੇ ਅਤਿ ਦੀ ਸਾਦਗੀ ਸ਼ਾਇਦ ਇਹੀ ਤਾਂ ਪ੍ਰੋਗਰਾਮ ਸੀ ਸਤਿਗੁਰੂ ਜਗਜੀਤ ਸਿੰਘ ਜੀ ਦਾ। ਸੋ ਉਹਨਾਂ ਦਾ ਸ਼ਤਾਬਦੀ ਵਰ੍ਹਾ ਵੀ ਉਹਨਾਂ ਜਿਹਾ ਸਰਲ, ਅਤਿ ਸਾਦਗੀ ਵਾਲਾ ਤੇ ਵੱਡ ਅਰਥੀ ਕਾਰਜਾਂ ਭਰਪੂਰ ਗੁਜ਼ਰ ਰਿਹਾ ਹੈ। ਭਾਈ ਗੁਰਦਾਸ ਜੀ ਦੀਆਂ, 'ਘਰਿ ਘਰਿ ਅੰਦਰ ਧਰਮਸਾਲ' ਵਾਲੀਆਂ ਤੁਕਾਂ ਰੂਪਮਾਨ ਹੋ ਰਹੀਆਂ ਹਨ। ਸੰਗਤ ਘਰੋਂ-ਘਰੀਂ ਨਿਤਨੇਮ ਕਰਦਿਆਂ ਹੋਇਆਂ ਵੀ ਸ੍ਰੀ ਸਤਿਗੁਰੂ ਜੀ ਨਾਲ ਤਕਨੀਕੀ ਮਾਧਿਅਮ ਦੁਆਰਾ ਦਰਸ਼ਨ ਕਰ ਜੁੜੀ ਹੋਈ ਹੈ। ਅਨਲਾਈਨ ਹੋਇਆ ਵਿਦਿਅਕ ਸੰਮੇਲਨ, ਅੱਸੂ ਦਾ ਜਪ ਪ੍ਰਯੋਗ ਆਦਿਕ ਸ਼ਤਾਬਦੀ ਵਰ੍ਹੇ ਨੂੰ ਹੀ ਸਮਰਪਿਤ ਹੋਇਆ ਹੈ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪਰਉਪਕਾਰਾਂ ਨੂੰ, ਉਹਨਾਂ ਦੀਆਂ ਬਖਸ਼ਿਸ਼ਾਂ ਨੂੰ ਲਿਖਤੀ ਰੂਪ ਵਿੱਚ ਤੇ ਵੀਡੀਓ ਆਦਿਕ ਦੇ ਦੁਆਰਾ ਸਾਂਭਣ ਦਾ ਸੁਯਤਨ ਕੀਤਾ ਜਾ ਰਿਹਾ ਹੈ। ਭਾਵੇਂ ਸਾਡੇ ਕੋਲ ਗੁਰ ਉਪਦੇਸ਼ਾਂ, ਮੇਲਿਆਂ ਤੇ ਸਤਿਗੁਰੂ ਜੀ ਦੇ ਦੌਰਿਆਂ ਆਦਿਕ ਦੀਆਂ ਬਹੁਤ ਸਾਰੀਆਂ ਆਡੀਓ ਤੇ ਵੀਡੀਓ ਰਿਕਾਰਡਿੰਗ ਮੌਜੂਦ ਹਨ, ਨਾਲ ਹੀ ਸਤਿਜੁਗ, ਵਰਿਆਮ ਤੇ ਵਰਤਮਾਨ-ਹਿੰਦੁਸਤਾਨ ਰਸਾਲਿਆਂ ਆਦਿਕ ਵਿੱਚ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਸਬੰਧਿਤ ਰਿਪੋਰਟਾਂ ਆਦਿਕ ਵੀ ਤਸਵੀਰਾਂ ਸਹਿਤ ਸਾਂਭੀਆਂ ਪਈਆਂ ਹਨ, ਬਹੁਤ ਸਾਰੀਆਂ ਕਿਤਾਬਾਂ ਉਹਨਾਂ ਦੇ ਵਕਤ ਵੀ ਕਈ ਲੇਖਕਾਂ ਨੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਉਪਮਾ ਵਿੱਚ ਲਿਖੀਆਂ ਸਨ ਜਿਨਾਂ ਵਿੱਚੋਂ ਕਵੀ ਪ੍ਰੀਤਮ ਸਿੰਘ ਜੀ ਦੀਆਂ 'ਬੀਤੇ ਦੀਆਂ ਪੈੜਾਂ' ਜ਼ਿਕਰਜੋਗ ਹਨ, ਸ. ਤਰਨਜੀਤ ਸਿੰਘ (ਮੁੰਬਈ) ਵੱਲੋਂ ਸਤਿਗੁਰੂ ਜੀ ਦੇ ਵਕਤ ਵਿੱਚ ਬਣੀ 'ਸਰਬ ਕਲਾ ਸਮਰੱਥ' ਡਾਕੂਮੈਂਟਰੀ ਵੀ ਇੱਕ ਵੱਡਾ ਕਾਰਜ ਹੈ। ਹੁਣ ਵੀ ਇਸ ਸਬੰਧੀ ਵੱਡੇ ਕਾਰਜ ਚੱਲ ਰਹੇ ਹਨ ਤਾ ਕਿ ਗੁਰਗੱਦੀ ਦੇ ਉਹਨਾਂ ਮਹਾਨ ਦਹਾਕਿਆਂ ਦੇ ਇਤਿਹਾਸ ਨੂੰ ਸੰਭਾਲਿਆ ਜਾ ਸਕੇ ਜਿਨ੍ਹਾਂ ਵਿੱਚ ਸਤਿਗੁਰੂ ਜਗਜੀਤ ਸਿੰਘ ਜੀ ਨੇ ਬਿਰਾਜਮਾਨ ਹੋ ਮਨੁੱਖਤਾ ਦੇ ਭਲੇ ਵਾਸਤੇ ਉੱਤਮ ਕਾਰਜ ਕੀਤੇ। ਗੁਰਬਾਣੀ ਵਿੱਚ ਕਬੀਰ ਜੀ ਦਾ ਸ਼ਬਦ ਆਉਂਦਾ ਹੈ ਕਿ ਅਗਰ ਸੱਤਾਂ ਸਮੁੰਦਰਾਂ ਦੀ ਸਿਆਹੀ ਵੀ ਵਰਤ ਲਈ ਜਾਵੇ, ਸਾਰੇ ਜੰਗਲਾਂ ਦੇ ਦਰੱਖਤਾਂ ਨੂੰ ਕਲਮ ਬਣਾ ਲਿਆ ਜਾਵੇ ਤੇ ਸਾਰੀ ਧਰਤੀ ਨੂੰ ਕਾਗਜ ਬਣਾ ਲਈਏ ਤਾਂ ਵੀ ਸਤਿਗੁਰੂ ਦਾ ਜਸ ਲਿਖਿਆ ਹੀ ਨਹੀਂ ਜਾ ਸਕਦਾ।

ਕਬੀਰ ਸਾਤ ਸਮੁੰਦਹਿ ਮਸੁ ਕਰਉ
ਕਲਮ ਕਰਉ ਬਨਰਾਇ॥
ਬਸੁਧਾ ਕਾਗਦੁ ਜਉ ਕਰਉ
ਹਰਿ ਜਸੁ ਲਿਖਨੁ ਨ ਜਾਇ॥

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹਰ ਸਿੱਖ ਦੇ ਹਿਰਦੇ ਅੰਦਰ ਉਹਨਾਂ ਦੀਆਂ ਯਾਦਾਂ ਤੇ ਬਖਸ਼ਿਸ਼ਾਂ ਦੇ ਭੰਡਾਰ ਭਰੇ ਪਏ ਹਨ ਬਸ ਉਹਨਾਂ ਨੂੰ ਸ਼ਾਬਦਿਕ ਰੂਪ ਦੇਣ ਦੀ ਜਰੂਰਤ ਹੈ। ਇਹ ਭੰਡਾਰ ਏਨੇ ਵਿਸ਼ਾਲ ਹਨ ਕਿ ਇਕੱਲੇ-ਇਕੱਲੇ ਸਿੱਖ ਨੂੰ ਵੀ ਅਗਰ ਆਖ ਦਈਏ ਤਾਂ ਉਹ ਗੁਰੂ ਨਿਵਾਜਸ਼ਾਂ ਦਾ ਇੱਕ ਵੱਡ ਅਕਾਰੀ ਗ੍ਰੰਥ ਲਿਖ ਸਕਦਾ ਹੈ। ਪੰਡਤ ਗੋਪਾਲ ਸਿੰਘ ਹੋਰੀਂ ਆਪਣੇ ਦੀਵਾਨ ਵਿੱਚ ਅਕਸਰ ਅਖਿਆ ਕਰਦੇ ਸਨ ਕਿ "ਤਾਰੇ ਗਿਣੇ ਜਾਤ ਹੈਂ, ਨਾ ਤਾਰੇ ਗਿਣੇ ਜਾਤ ਹੈਂ" ਭਾਵ ਆਸਮਾਨ ਦੇ ਤਾਰੇ ਤਾਂ ਸ਼ਾਇਦ ਗਿਣੇ ਜਾ ਸਕਦੇ ਨੇ ਪਰ ਜਿਨਾਂ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਨੇ

ਤਾਰ ਦਿੱਤਾ ਉਹਨਾਂ ਦੀ ਗਿਣਤੀ ਨਹੀਂ ਕੀਤੀ ਜਾ ਸਕਦੀ। ਇੱਕ ਉਰਦੂ ਦਾ ਸ਼ੇਅਰ ਹੈ ਕਿ: "ਤੂਨੇ ਜੋ ਕੀਏ ਗੁਨਹਗਾਰੋਂ ਪੇ ਕਰਮ ਹੈਂ, ਬੇ-ਗੁਨਾਹ ਭੀ ਚਿੱਲਾ ਉੱਠੇ ਕਿ ਹਮ ਭੀ ਗੁਨਹਗਾਹ ਹੋਤੇ"। ਆਪਣੇ ਵਿਰੋਧੀਆਂ ਤੇ ਵੀ ਕਿਰਪਾ ਕਰਨ ਲੱਗਿਆਂ ਆਪ ਜੀ ਨੇ ਕਦੇ ਇਕ ਛਿਣ ਨਹੀਂ ਲਾਇਆ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਪਿਆਰ ਦੇ ਮੁਜਸਮੇ ਸਨ ਆਪ ਜੀ ਦੀ ਮਿਕਨਾਤੀਸੀ ਸ਼ਖ਼ਸੀਅਤ,ਪ੍ਰੇਮ ਝਰਦੇ ਮਿੱਠੇ ਬੋਲ, ਕੋਮਲ ਹਿਰਦਾ, ਉਦਾਰਤਾ ਆਦਿਕ ਬੇਅੰਤ ਗੁਣ ਹੀ ਸਨ ਕਿ ਆਪ ਜੀ ਦੇ ਦਰਸ਼ਨ ਕਰਦੇ ਸਾਰ ਹੀ ਹਰ ਪ੍ਰਾਣੀ ਆਪ ਜੀ ਦਾ ਹੋ ਜਾਂਦਾ ਸੀ।ਆਪ ਜੀ ਨੇ ਅਨੇਕਾਂ ਹੀ ਗੁਰਮੁਖ ਗਾਡੀ ਰਾਹ ਚਲਾਏ, ਭੁੱਲੇ ਭਟਕੇ ਤੇ ਲੀਹੋਂ ਲੱਥੇ ਲੋਕਾਂ ਨੂੰ ਸਿੱਧੇ ਰਾਹੇ ਪਾਇਆ ਦੁਖੀਆਂ ਦਾ ਦਰਦ ਸੁਣਨਾ ਤੇ ਉਹਨਾਂ ਦਾ ਹੱਲ ਕਰਨਾ ਆਪਨੇ ਆਪਣੇ ਪੂਰਵ ਸਤਿਗੁਰੂਆਂ ਤੋਂ ਸਿੱਖ, ਧਾਰਨ ਕੀਤਾ ਸੀ। ਪਹਿਲੀ ਪਾਤਸ਼ਾਹੀ ਵਾਂਗ ਆਪਜੀ ਨੇ ਵੀ ਅਨੇਕਾਂ ਹੀ ਦੌਰੇ ਕਰ ਦੇਸ਼ਾਂ-ਵਿਦੇਸ਼ਾਂ ਵਿੱਚ ਸੰਗਤਾਂ ਨੂੰ ਨਿਵਾਜਿਆ। ਜੂਨ 2018 ਵਿੱਚ ਮੈਂ ਹਾਜ਼ਰਾ-ਹਜ਼ੂਰ ਸਤਿਗੁਰੂ ਉਦੇ ਸਿੰਘ ਜੀ ਨਾਲ ਨੈਰੋਬੀ ਦੌਰੇ ਤੇ ਗਿਆ ਤਾਂ ਮੈਨੂੰ ਓਥੇ ਸੰਤ ਨਰਿੰਦਰ ਸਿੰਘ ਹੋਰਾਂ ਜੋ ਕਿ ਮਾਤਾ ਗੁਰਸ਼ਰਨ ਕੌਰ ਜੀ ਦੇ ਭਰਾ ਹਨ, ਇੱਕ ਬਚਨ ਸੁਣਾਇਆ। ਆਖਣ ਲੱਗੇ ਸਤਿਗੁਰੂ ਨਾਨਕ ਦੇਵ ਜੀ ਨੇ 500 ਵੇਂ ਪ੍ਰਕਾਸ਼ ਵਰ੍ਹੇ ਮੌਕੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਨੈਰੋਬੀ ਦਰਸ਼ਨ ਦਿੱਤੇ। ਇੱਕ ਦਿਨ ਸ਼ਾਮ ਦੇ ਨਿਤਨੇਮ ਤੋਂ ਬਾਅਦ ਸਤਿਗੁਰੂ ਜੀ ਨੇ ਠਾਕੁਰ (ਸਤਿਗੁਰੁ) ਉਦੇ ਸਿੰਘ ਜੀ ਨੂੰ ਹੁਕਮ ਕੀਤਾ ਕਿ ਕਾਕਾ ਤਿਆਰੀ ਕਰ ਲਵੀਂ ਤੁਸੀਂ ਕੱਲ ਸ਼ਾਮ ਦੇ ਦੀਵਾਨ ਵਿੱਚ ਗੁਰੂ ਨਾਨਕ ਦੇਵ ਜੀ ਬਾਰੇ ਬੋਲਣਾ ਹੈ" ਉਦੋਂ ਇਨ੍ਹਾਂ ਦੀ ਉਮਰ 12-13 ਵਰ੍ਹੇ ਦੀ ਹੋਵੇਗੀ। ਇਹਨਾਂ ਸਤਿ ਬਚਨ ਕੀਤਾ। ਸ਼ਾਮ ਸੋਧ ਦਾ ਜਲ ਭਰਨ ਚਲੇ ਗਏ ਕਾਫੀ ਰਾਤ ਪੈ ਗਈ। ਅਗਲੀ ਸਵੇਰ ਆਸਾ ਦੀ ਵਾਰ ਤੋਂ ਇਕਦਮ ਬਾਅਦ ਸਤਿਗੁਰੂ ਜੀ ਨੈਸ਼ਨਲ ਪਾਰਕ ਮਸਾਈ ਮਾਰਾ ਜਾਣ ਦਾ ਹੁਕਮ ਕਰ ਦਿੱਤਾ। ਸਾਰੇ ਜਾਣੇ ਓਥੇ ਗੱਡੀਆਂ 'ਚ ਬੈਠ ਚਲੇ ਗਏ। ਵਾਪਸੀ ਆਉਂਦਿਆਂ ਨਿੱਕੇ ਠਾਕਰ ਜੀ ਵਾਲੀ ਕਾਰ ਖਰਾਬ ਹੋ ਗਈ ਬੜੀ ਖੱਜਲ ਖੁਆਰੀ ਹੋਈ, ਇਹ ਕਰੀਬ ਨਿਤਨੇਮ ਦੇ ਭੋਗ ਨੇੜੇ ਹੀ ਪਹੁੰਚ ਸਕੇ। ਤਕਰੀਰਾਂ ਦਾ ਸਮਾਂ ਆ ਗਿਆ ਇਹਨਾਂ ਤੋਂ ਪਹਿਲੋਂ ਕਈ ਬੁਲਾਰੇ ਬੋਲੇ ਜਿਨ੍ਹਾਂ ਵਿੱਚ ਠਾਕਰ ਦਲੀਪ ਸਿੰਘ ਹੋਰਾਂ ਵੀ ਕਾਫੀ ਤਿਆਰੀ ਕਰਕੇ ਪੰਡਿਤ ਜੀ ਕੋਲ ਬੈਠਕੇ ਲਿਖੀ ਤਕਰੀਰ ਕੀਤੀ ਸੀ। ਪਰ ਜਦ ਇੰਨਾ ਦਾ ਸਮਾਂ ਆਇਆ ਤਾਂ ਇਹਨਾਂ ਸਤਿਗੁਰੂ ਜੀ ਨੂੰ ਨਮਸਕਾਰ ਕਰ ਸਟੇਜ ਤੇ ਖਲੋਂਦਿਆਂ ਹੀ ਆਖਿਆ, "ਕੱਲ੍ਹ ਸਤਿਗੁਰੂ ਜੀ ਦਾ ਹੁਕਮ ਹੋਇਆ ਸੀ ਕਿ ਕੁਝ ਤਿਆਰੀ ਕਰ ਲਵੋ ਰਾਤ ਅਸੀਂ ਜਲ ਭਰਨ ਚਲੇ ਗਏ, ਸਵੇਰੇ ਹੁਕਮ ਹੋਇਆ ਨੈਸ਼ਨਲ ਪਾਰਕ ਜਾਣ ਦਾ ਤੇ ਆਉਂਦਿਆਂ ਮੇਰੇ ਵਾਲੀ ਗੱਡੀ ਖਰਾਬ ਹੋ ਗਈ, ਹੁਣੇ ਪੁੱਜਿਆਂ, ਤਿਆਰੀ ਨਹੀਂ ਕਰ ਸਕਿਆ ਇਸ ਲਈ ਸਤਿਗੁਰੂ ਜੀ ਤੋਂ ਬਖਸ਼ਿਸ਼ ਮੰਗਦਾ ਹਾਂ, ਗੁਰੂ ਨਾਨਕ ਦੇਵ ਜੀ ਦੀ ਵਡਿਆਈ ਕਹਿਣ ਕਥਨੋਂ ਬਾਹਰੀ ਹੈ ਆਖੀ ਨਹੀਂ ਜਾ ਸਕਦੀ। ਉਨ੍ਹਾਂ ਸਾਡੇ ਤੇ ਬੜੇ ਉਪਕਾਰ ਕੀਤੇ ਪਰ ਮੈਂ ਜੋ ਸਮਝਦਾਂ ਕਿ ਸਭ ਤੋਂ ਵੱਡਾ ਉਪਕਾਰ ਗੁਰੂ ਨਾਨਕ ਨੇ ਸਾਡੇ ਤੇ ਇਹ ਕੀਤਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਆਪਣੀ ਜਗ੍ਹਾ ਸਾਹਿਬ ਗੁਰੂ ਅੰਗਦ ਦੇਵ ਜੀ ਨੂੰ ਥਾਪ ਕੇ ਗੁਰ-ਪੀੜ੍ਹੀ ਦੀ ਆਰੰਭਤਾ ਕੀਤੀ, ਇਸੇ ਕਿਰਪਾ ਸਦਕਾ ਹੀ ਸਾਨੂੰ ਅੱਜ ਸਤਿਗਰੂ ਜਗਜੀਤ ਸਿੰਘ ਜੀ ਦੇ ਦਰਸ਼ਨ ਹੋ ਰਹੇ ਹਨ ਅਸੀਂ ਉਹਨਾਂ ਦੇ ਸਿੱਖ ਹਾਂ।" ਸੋ ਅਸੀਂ ਨਾਮਧਾਰੀਆਂ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਸਤਿਗੁਰੂ ਜਗਜੀਤ ਸਿੰਘ ਜੀ ਵਿੱਚੋਂ ਹੀ ਕੀਤੇ ਹਨ। ਗੁਰੂ ਨਾਨਕ ਸਾਹਿਬ ਦੀ ਪਵਿੱਤਰ ਬਾਣੀ ਦਾ ਫਲਸਫ਼ਾ, ਰੂਹਾਨੀਅਤ ਦਾ, ਸੱਚ ਦਾ ਮਾਰਗ ਸਤਿਗੁਰੂ ਜਗਜੀਤ ਸਿੰਘ ਜੀ ਨੇ ਹੀ ਸਾਨੂੰ ਚਾਨਣ ਮੁਨਾਰਾ ਬਣ ਦਰਸਾਇਆ ਹੈ। ਜਿੰਨੇ ਆਪ ਸਰਲ ਸਨ ਓਨੇ ਹੀ ਸਰਲ ਆਪ ਜੀ ਦੇ ਕਲਿਆਣਕਾਰੀ ਉਪਦੇਸ਼ ਸਨ ਜੋ ਆਪ ਜੀ ਨੇ ਜਨ ਕਲਿਆਣ ਹਿੱਤ ਉਚਾਰਨ ਕੀਤੇ। ਉਪਦੇਸ਼ ਕਰਦਿਆਂ ਆਪ ਜੀ ਗੁਰਬਾਣੀ ਤੇ ਕੇਂਦਰਤ ਰਹਿੰਦੇ ਤੇ ਏਨੇ ਸਰਲ ਰੂਪ ਵਿੱਚ ਸਰਲ ਉਦਾਹਰਣਾਂ ਦੇਕੇ ਭਾਵ ਸਮਝਾਉਂਦੇ ਕਿ ਸੁਣਨ ਵਾਲੇ ਦੇ ਹਿਰਦੇ ਵਿੱਚ ਸਾਰੀ ਗੱਲ ਸਹਿਜ ਹੀ ਉੱਤਰ ਜਾਂਦੀ। ਜੇ ਆਪ ਜੀ ਬੱਚਿਆਂ ਵਿੱਚ ਬੈਠੇ ਹੋ,ਨੌਜਵਾਨਾਂ ਵਿੱਚ ਬੈਠੇ ਹੋ, ਖਿਡਾਰੀਆਂ, ਸੰਗੀਤਕਾਰਾਂ, ਕਿਸਾਨਾਂ, ਲੱਕੜ ਦੇ ਮਿਸਤਰੀਆਂ, ਡਾਕਟਰਾਂ, ਵਿਦਵਾਨਾਂ ਆਦਿ ਜਿੱਥੇ ਵੀ ਜੈਸੀ ਵੀ ਸੰਗਤ ਹੁੰਦੀ ਉਨਾਂ ਨੂੰ ਉਨ੍ਹਾਂ ਦੇ ਮੁਤਾਬਿਕ ਹੀ ਉਦਾਹਰਣ ਦੇਕੇ ਆਪਣੀ ਗੱਲ ਸਹਿਜ ਹੀ ਸਮਝਾ ਜਾਂਦੇ ਸਨ। ਸਤਿਗੁਰੂ ਉਦੇ ਸਿੰਘ ਜੀ ਅਕਸਰ ਬਚਨ ਕਰਿਆ ਕਰਦੇ ਹਨ ਕਿ ਸੱਚੇ ਪਾਤਿਸ਼ਾਹ ਹਰ ਕੰਮ ਦੀ ਆਪਣੇ ਆਪ ਵਿੱਚ ਇੱਕ

ਉਦਾਹਰਣ ਹੀ ਕਾਇਮ ਕਰ ਦਿਆ ਕਰਦੇ ਸਨ। ਦੂਸਰੇ ਸਤਿਗੁਰੂ ਜਗਜੀਤ ਸਿੰਘ ਸੰਗੀਤ ਸੰਮੇਲਨ ਦੇ ਅੰਤਲੇ ਦਿਨ ਸਤਿਗੁਰੂ ਉਦੇ ਸਿੰਘ ਜੀ ਇੱਕ ਬਚਨ ਸੁਣਾਉਂਦਿਆਂ ਆਖਿਆ ਸੀ ਕਿ, "ਇਕ ਵਾਰ ਸਤਿਗੁਰੂ ਜੀ ਨੇ ਉਸਤਾਦ ਵਿਲਾਇਤ ਖਾਂ ਸਾਹਿਬ ਨੂੰ ਜੀਵਨ ਨਗਰ ਇਲਾਕੇ ਵਿੱਚ ਬੁਲਾਇਆ। ਜਿਸ ਇਲਾਕੇ ਵਿੱਚ ਬਹੁਤੀ ਮਾਤਰਾ, ਖੇਤੀਬਾੜੀ ਦਾ ਕੰਮ ਕਰਨ ਵਾਲੇ ਸਿੱਖਾਂ ਦੀ ਹੀ ਹੈ ਤੇ ਜਿੰਨ੍ਹਾਂ ਦਾ ਸ਼ਾਸਤਰੀ ਸੰਗੀਤ ਨਾਲ ਕੋਈ ਲੈਣ ਦੇਣ ਨਹੀਂ ਸੀ, ਸੱਚੇ ਪਾਤਸ਼ਾਹ ਹਾਲ ਵਿੱਚ ਕੁੰਡੀਆਂ ਲਵਾ ਦਿੱਤੀਆਂ ਤੇ ਬਾਹਰ ਪਹਿਰਾ ਲਗਵਾ ਦਿੱਤਾ ਕਿ ਕੋਈ ਬਾਹਰ ਨਾ ਨਿਕਲ ਸਕੇ ਤੇ ਹਰ ਕੋਈ ਅੰਦਰ ਬੈਠਕੇ ਸਿਤਾਰ ਵਾਦਨ ਸੁਣੇ" ਉਦੋਂ ਸ਼ਾਇਦ ਸੰਗੀਤ ਨਾ ਸਮਝਣ ਵਾਲਿਆ ਵਾਸਤੇ ਇਹ ਅਜੀਬ ਗੱਲ ਹੋਵੇਗੀ ਪਰ ਇਸ ਪਿੱਛੇ ਸਤਿਗੁਰੂ ਜਗਜੀਤ ਸਿੰਘ ਜੀ ਦਾ ਇਹ ਮਨੋਰਥ ਸੀ ਕਿ ਉਹਨਾਂ ਦੇ ਸਿੱਖ ਸਾਰੇ ਚਾਹੇ ਗਾਉਣ ਵਾਲੇ ਨਾ ਹੋਣ ਪਰ ਚੰਗੇ ਸਰੋਤੇ ਤਾਂ ਹੋਣ, ਚੰਗਾ ਸੁਣਨ ਦੇ ਆਦੀ ਹੋਣ। ਆਪ ਜੀ ਦੀ ਦਿਲੀ ਇੱਛਾ ਰਹਿੰਦੀ ਸੀ ਕਿ ਦੁਨੀਆਂ ਦੀ ਹਰ ਚੰਗੀ ਸ਼ੈਅ ਤੇ ਹਰ ਚੰਗਾ ਗੁਣ ਮੇਰੇ ਸਿੱਖਾਂ ਵਿੱਚ ਹੋਵੇ। ਚੰਗੇ ਵਿਦਵਾਨ, ਬੁਲਾਰੇ, ਕਲਾਕਾਰ, ਜਥੇਦਾਰ, ਕਾਰੋਬਾਰੀ, ਰਾਜਨੀਤਕ ਹੋਣ ਦੇ ਨਾਲ ਨਾਲ ਪਹਿਲਾਂ ਨਾਮਧਾਰੀ ਚੰਗੇ ਸਿੱਖ ਬਣਨ, ਚੰਗੇ ਪਾਠੀ ਬਣਨ, ਹਰ ਇੱਕ ਨੂੰ ਪੰਜਾਬੀ ਆਉਂਦੀ ਹੋਵੇ, ਘਰਾਂ ਵਿੱਚ ਪੰਜਾਬੀ ਬੋਲਣ ਆਦਿ। ਦੂਰ ਦੁਰੇਡੇ ਬੈਠਿਆਂ ਸਿੱਖਾਂ ਨੂੰ ਫੋਨ ਕਰ-ਕਰ ਕੇ ਅੰਮ੍ਰਿਤ ਵੇਲੇ ਉਠਾਉਣ ਦੀ ਆਪ ਕਿਰਪਾ ਕਰਦੇ ਸਨ, ਕਈਆਂ ਨੂੰ ਖਤ ਲਿਖਕੇ ਤੜਕੇ ਉੱਠਕੇ ਭਜਨ ਕਰਨ ਦਾ ਹੁਕਮ ਕਰਨਾ।

ਗੁਰਦੇਵ ਸਿੰਘ ਚੀਮਾ ਕਈ ਦਹਾਕਿਆਂ ਤੋਂ ਸ੍ਰੀ ਭੈਣੀ ਸਾਹਿਬ ਹੁੰਦੇ ਕਹਿਣ ਲੱਗੇ ਮੇਰੇ ਤੋਂ ਪਹਿਲੋਂ ਭੈਣੀ ਸਾਹਿਬ ਚ ਇੱਕ ਮੁੰਡਾ ਸੀ ਬਿੱਲਾ, ਜੀਹਨੂੰ ਬਿੱਲਾ ਪੀਪਿਆਂ ਵਾਲਾ ਕਹਿਕੇ ਸਾਰੇ ਬੁਲਾਉਂਦੇ ਸਨ। ਸਤਿਗੁਰੂ ਜੀ ਦੇ ਹੁਕਮ ਅਨੁਸਾਰ ਉਹ ਤੜਕੇ ਪੀਪਾ ਖੜਕਾ ਕੇ ਸੁੱਤੇ ਪਿਆਂ ਨੂੰ ਉਠਾਉਂਦਾ ਸੀ ਤਾਂ ਕਿ ਸੰਗਤ ਇਸ਼ਨਾਨ ਕਰਕੇ ਆਸਾ ਦੀ ਵਾਰ ਵਿੱਚ ਜਾ ਸਕੇ। ਏਥੇ ਇੱਕ ਗੱਲ ਹੋਰ ਜੇ ਕਿਸੇ ਸਿੱਖ ਨੇ ਕੋਈ ਅਰਜ਼ ਕਰਨੀ ਹੁੰਦੀ ਤਾਂ ਆਪਜੀ ਆਸਾ ਦੀ ਵਾਰ ਵਿੱਚ ਆਉਣ ਦਾ ਹੁਕਮ ਕਰਿਆ ਕਰਦੇ ਸਨ ਤਾਂ ਕਿ ਇਸ ਬਹਨੇ ਅਗਲਾ ਸੂਰਜ ਚੜਨੋਂ ਤਿੰਨ ਘੰਟੇ ਪਹਿਲੋਂ ਉੱਠੇਗਾ ਤੇ ਆਕੇ ਦੋ ਘੰਟੇ ਬਾਣੀ ਸੁਣੇਗਾ, ਉਸਦਾ ਭਲਾ ਹੋਵੇਗਾ। ਜਦ ਬਿੱਲਾ ਪੀਪਿਆਂ ਵਾਲਾ ਕੈਨੇਡਾ ਚਲੇ ਗਿਆ, ਸੱਚੇ ਪਾਤਿਸ਼ਾਹ ਜੀ ਕਿਤੇ ਦੌਰੇ ਤੇ ਜਾਣਾ ਸੀ ਤੇ ਮੈਨੂੰ ਸੱਦਿਆ, ਹੁਕਮ ਕੀਤਾ: "ਗੁਰਦੇਵ ਤੂੰ ਅੱਜ ਤੋਂ ਬਣਿਆ ਪ੍ਰਧਾਨ, ਤੇ ਭੈਣੀ ਸਾਹਿਬ ਵਿੱਚ ਸਵੇਰੇ ਐਸਾ ਕੋਈ ਨਾ ਹੋਵੇ ਜੋ ਆਸਾ ਦੀ ਵਾਰ ਵਿੱਚ ਨਾ ਆਵੇ ਤੂੰ ਸਭ ਨੂੰ ਜਗਾਉਣਾ ਹੈ।" ਸਤਿ ਬਚਨ ਆਖ ਗੁਰਦੇਵ ਸਿੰਘ ਨੇ ਆਪਣੀ ਡਿਊਟੀ ਸੰਭਾਲ ਲਈ ਆਪ ਇਸ਼ਨਾਨ ਕਰ ਅਰਦਾਸ ਕਰ ਚੀਮੇ ਨੇ ਆਪਣੀ ਡਿਊਟੀ ਦੇਕੇ ਸਤਿਗੁਰੂ ਜੀ ਦੇ ਦਰਸ਼ਨ ਕਰਨ ਜਾਣਾ ਹਰੀ ਮੰਦਰ ਵਿੱਚ ਹੀ ਵਾਰ ਲਗਦੀ ਸੀ। ਸਤਿਗੁਰੂ ਜੀ ਨੇ ਵੇਖਿਆ ਕਿ ਹਾਲੇ ਵੀ ਕੁਝ ਸਰੀਰ ਨਹੀਂ ਦਿੱਸਦੇ। ਆਪ ਜੀ ਹੁਕਮ ਕੀਤਾ ਕਿ ਇਕ ਪਿਚਕਾਰੀ ਲੈਲੇ ਭਰਕੇ ਮਾਰਿਆ ਕਰ ਪਾਣੀ ਦੀ। ਚੀਮਾ ਜੀ ਨੇ ਇਹ ਵੀ ਸ਼ੁਰੂ ਕਰ ਦਿੱਤਾ। ਕਈਆਂ ਨੇ ਚੀਮੇ ਨਾਲ ਲੜ ਵੀ ਪੈਣਾ ਅੱਗੋਂ ਉਸਨੇ ਕੁਝ ਨਾ ਬੋਲਣਾ। ਇੱਕ ਦਿਨ ਫੇਰ ਹੁਕਮ ਕੀਤਾ ਕਿ ਜਿੰਨੇ ਡੇਰੇ ਦੇ ਲੋਕ ਆਸਾ ਦੀ ਵਾਰ ਵਿੱਚ ਨਹੀਂ ਆਏ ਉਹਨਾਂ ਦੇ ਸਿਰ ਤੇ ਇੱਕ-ਇੱਕ ਗੜ੍ਹਵਾ ਭਰਕੇ ਪਾਣੀ ਦਾ ਪਾਕੇ ਆ। ਗੁਰਦੇਵ ਸਿੰਘ ਹੋਰਾਂ ਸਤਿਬਚਨ ਕਰ ਗੜਵਾ ਚੱਕ ਲਿਆ ਤੇ ਕਈਆਂ ਚੀਮੇ ਨੂੰ ਗਾਲਾਂ ਕੱਢੀਆਂ ਸਤਿਗੁਰੂ ਜੀ ਤੀਕ ਗੱਲ ਪੁੱਜੀ ਪਾਤਿਸ਼ਾਹ ਜੀ ਚੀਮੇ ਨੂੰ ਬੁਲਾਕੇ ਬਚਨ ਕੀਤਾ ਤੈਨੂੰ ਫਲਾਣੇ ਸਿੰਘ ਨੇ ਸੁਣਿਆ ਗਾਲ਼ਾਂ ਕੱਢੀਆਂ? ਚੀਮਾ ਜੀ ਅਰਜ਼ ਕੀਤੀ ਪਾਤਿਸ਼ਾਹ ਜੀ ਮੈਂ ਗੜਵਾ ਜਲਦਾ ਉਹਦੇ ਸਿਰ ਵਿੱਚ ਪਾਕੇ ਆ ਗਿਆ ਸੀ ਪਤਾ ਨਹੀਂ ਮਗਰੋਂ ਕੀ ਹੋਇਆ। ਪਾਤਿਸ਼ਾਹ ਹੁਕਮ ਕੀਤਾ ਤੁਹਨੇ ਤੈਨੂੰ ਨਹੀਂ ਮੈਨੂੰ ਗਾਲ਼ਾਂ ਕੱਢੀਆਂ ਨੇ। ਸਤਿਗੁਰੂ ਜੀ ਬਚਨ ਕਰਿਆ ਕਰਦੇ ਸਨ ਕਿ ਮਾਂ ਬੱਚੇ ਨੂੰ ਦਵਾਈ ਦੇਂਦੀ ਹੈ ਕਈ ਵਾਰ ਸ਼ੀਸ਼ੀ ਜਾਂ ਦਵਾਈ ਵਾਲਾ ਚਮਚਾ ਉਹਦੇ ਬੁੱਲਾਂ ਤੇ ਵੱਜਦਾ ਹੈ ਖੂਨ ਨਿਕਲ ਆਉਂਦਾ ਹੈ ਮਾਂ ਦਾ ਮਨੋਰਥ ਖੂਨ ਕੱਢਣਾ ਨਹੀਂ ਹੁੰਦਾ ਬੱਚੇ ਦਾ ਤਾਪ ਲਾਹੁਣਾ ਹੁੰਦਾ ਹੈ। ਗੁਰਦੇਵ ਸਿੰਘ ਕਹਿਣ ਲੱਗੇ ਇੱਕ ਦਿਨ ਸ਼ਾਮ ਨੂੰ ਸਤਿਗੁਰੂ ਜੀ ਨੇ ਹੁਕਮ ਕੀਤਾ ਕਿ ਸਾਰੀ ਸੰਗਤ ਸ੍ਰੀ ਭੈਣੀ ਸਾਹਿਬ ਵਾਲੀ ਹਰੀ ਮੰਦਰ ਆਵੇ। ਸਾਰੇ ਹੁੰਮ ਹੁੰਮਾਕੇ ਪੁੱਜੇ। ਮੰਦਰ ਭਰ ਗਿਆ। ਸੱਚੇ ਪਾਤਸ਼ਾਹ ਜੀ ਅੰਦਰ ਆਉਂਦਿਆਂ ਹੀ ਬੈਠੇ ਨਹੀਂ, ਸੰਗਤ ਵੀ ਸਾਰੀ ਖੜੀ ਸੀ ਪਾਤਿਸ਼ਾਹ ਜੀ ਦੇ ਨੇਤਰ ਸੱਜਲ ਸਨ ਉਹਨਾਂ ਨੇ ਆਪਣੀ ਰੁਮਾਲੀ ਗਲ਼ ਵਿੱਚ ਪਾਕੇ ਭਰੇ ਗਲ਼ੇ ਨਾਲ ਹੁਕਮ ਕੀਤਾ, "ਸਾਧ ਸੰਗਤ ਜੀ ਮੇਰਾ ਤੇ ਤੁਹਾਡਾ

ਰਿਸ਼ਤਾ ਸਿਰਫ ਨਾਮ ਬਾਣੀ ਵਾਲਾ ਹੈ,ਜੇ ਤੁਸੀਂ ਭਜਨ ਬਾਣੀ ਨਹੀਂ ਕਰੋਗੇ ਤਾਂ ਮੇਰਾ ਤੁਹਾਡਾ ਕੋਈ ਰਿਸ਼ਤਾ ਨਹੀਂ" ਏਨਾ ਹੁਕਮ ਕਰ ਆਪ ਜੀ ਕੋਠੀ ਚਲੇ ਗਏ ਸਾਧ ਸੰਗਤ ਦੇ ਮਨ ਭਰ ਆਏ ਸਭ ਨੇ ਆਪਣੀ ਭੁੱਲ ਬਖਸ਼ਾਈ। ਭਾਵ ਸ੍ਰੀ ਸਤਿਗੁਰੂ ਜੀ ਨੇ ਆਪਣੇ ਸਿੱਖਾਂ ਨੂੰ ਪਿਆਰ ਨਾਲ, ਲਾਡ ਨਾਲ, ਕੰਨ ਫੜਕੇ ਵੀ ਝਿੜਕ ਕੇ ਵੀ ਹਰ ਹੀਲੇ ਇਹੀ ਯਤਨ ਕੀਤੇ ਕਿ ਇੱਕ ਉੱਤਮ ਜੀਵਨ ਵਾਲੇ ਸਿੱਖ ਬਣ ਸਕਣ। ਲੇਖ ਦੀ ਆਰੰਭਤਾ ਵਿੱਚ ਮੈਂ ਜ਼ਿਕਰ ਕੀਤਾ ਸੀ ਕਿ ਗੁਰੂ ਜਗਜੀਤ ਸਿੰਘ ਜੀ ਦਾ ਜੱਸ ਅਮੁੱਕ ਹੈ ਬੇਅੰਤ ਹੈ। ਬਹੁਤ ਸਾਰੇ ਸਿੱਖ ਯਤਨ ਕਰ ਰਹੇ ਹਨ ਕਿ ਬਹੁਤ ਕੁਝ ਸੰਭਾਲਿਆ ਜਾ ਸਕੇ ਤਾਂ ਕਿ ਨਵੀਂ ਪੀੜੀ ਜਿਨ੍ਹਾਂ ਸਤਿਗੁਰੂ ਜੀ ਦੇ ਦਰਸ਼ਨ ਨਹੀਂ ਕੀਤੇ ਉਨਾਂ ਦੀ ਸਖਸ਼ੀਅਤ ਬਾਰੇ ਜਾਣ ਆਪਣਾ ਜੀਵਨ ਸੁਧਾਰ ਸਕੇ।

ਇੱਕ ਗੱਲ ਨੌਜਵਾਨਾਂ ਨਾਲ ਮੈ ਸਾਂਝੀ ਹੋਰ ਕਰਨੀ ਚਾਹਾਂਗਾ ਉਹ ਇਹ ਕਿ ਅੱਜ ਸੋਸ਼ਲ ਮੀਡੀਆ ਦਾ ਜਮਾਨਾ ਹੈ ਦੂਸਰਾ ਅਸੀ ਉਸ ਲੋਕਤਾਂਤਰਿਕ ਦੇਸ਼ ਵਿੱਚ ਰਹਿੰਦੇ ਹਾਂ ਜਿਸ ਦਾ ਸੰਵਿਧਾਨ ਹਰ ਕਿਸੇ ਨੂੰ ਆਪਣੀ ਗੱਲ ਕਰਨ ਦਾ ਅਧਿਕਾਰ ਦੇਂਦਾ ਹੈ। ਇਸੇ ਦਾ ਨਜਾਇਜ਼ ਫਾਇਦਾ ਉਠਾਕੇ ਬਹੁਤ ਸਾਰੇ ਲੋਕ ਨਾਮਧਾਰੀਆਂ ਬਾਰੇ ਜਾਣਕਾਰੀ ਦੀ ਘਾਟ,ਨਾਕਰਾਤਮਕ ਸੋਚ ਜਾਂ ਕੱਟੜਵਾਦੀ ਵਿਚਾਰਾਂ ਕਰਕੇ ਕੂੜ ਪ੍ਰਚਾਰ ਕਰਦੇ ਹਨ, ਭੈੜੀ ਸ਼ਬਦਾਵਲੀ ਦੀ ਵਰਤੋਂ ਤੋਂ ਵੀ ਗੁਰੇਜ਼ ਨਹੀਂ ਕਰਦੇ ਉਹਨਾਂ ਨੂੰ ਜਵਾਬ ਤਾਂ ਅਸੀਂ ਤਾਂ ਹੀ ਦੇ ਸਕਾਂਗੇ ਜੇ ਅਸੀਂ ਆਪਣੇ ਧਰਮ ਵਿੱਚ ਪੱਕੇ ਰਹਿਕੇ ਦੂਸਰੇ ਦੇ ਧਰਮ ਦਾ ਸਤਿਕਾਰ ਕਰਕੇ ਸਤਿਗੁਰੂ ਜਗਜੀਤ ਸਿੰਘ ਜੀ ਦਾ ਹੁਕਮ ਮੰਨਾਂਗੇ। ਇਸੇ ਕਰਕੇ ਸਤਿਗੁਰੂ ਜੀ ਅਕਸਰ ਨੌਜਵਾਨਾਂ ਨੂੰ ਬੱਚਿਆਂ ਨੂੰ ਆਪਣਾ ਇਤਿਹਾਸ ਪੜਨ, ਅਤੇ ਨਾਮ ਬਾਣੀ ਨਾਲ ਜੁੜਨ ਦਾ ਉਪਦੇਸ਼ ਕਰਦੇ ਸਨ ਤਾਂ ਕਿ ਉਹਨਾਂ ਨੂੰ ਆਪਣੀ ਵਿਰਾਸਤ, ਆਪਣੇ ਅਕੀਦੇ ਅਤੇ ਆਪਣੇ ਗੁਰੂ ਤੇ ਮਾਣ ਹੋ ਸਕੇ।ਸੋ ਅਸੀਂ ਭੈੜਾ ਲਿਖਣ ਜਾਂ ਬੋਲਣ ਵਾਲਿਆਂ ਨੂੰ ਜਵਾਬ ਉਹਨਾਂ ਦੀ ਬੋਲੀ ਵਿੱਚ ਨਹੀਂ ਦੇਣਾ ਉਸ ਬੋਲੀ ਵਿੱਚ ਦੇਣਾ ਹੈ ਜੋ ਸਤਿਗੁਰੂ ਜਗਜੀਤ ਸਿਮਘ ਜੀ ਸਾਨੂੰ ਸਿਖਾਈ ਹੈ ਪਿਆਰ ਦੀ ਪ੍ਰੇਮ ਦੀ ਬੋਲੀ।ਸੱਚੇ ਪਾਤਿਸ਼ਾਹ ਜੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਇਕ ਉਦਾਹਰਣ ਅਕਸਰ ਦਿਆ ਕਰਦੇ ਸਨ ਕਿ ਇਕ ਵਾਰ ਸਤਿਗੁਰੂ ਪ੍ਰਤਾਪ ਸਿੰਘ ਜੀ ਲਾਹੌਰ ਗਏ ਕਿਸੇ ਕੈਟਲ ਸ਼ੋਅ ਵਿੱਚ ਤਾਂ ਓਥੇ ਇੱਕ ਸਾਂਢ ਸੀ, ਪ੍ਰਬੰਧਕਾਂ ਬੇਨਤੀ ਕੀਤੀ "ਜੀ ਲਾਗੇ ਨਾ ਜਾਇਓ ਬੜਾ ਗੁੱਸੇਖੋਰਾ ਹੈ ਮਾਰੇਗਾ।" ਸਤਿਗੁਰੂ ਜੀ ਖੂੰਡਾ ਹੱਥ ਵਿੱਚ ਰੱਖਦੇ ਸਨ ਸੇਵਕ ਨੂੰ ਫੜਾਇਆ ਤੇ ਆਪ ਸਾਂਢ ਦੀ ਪਿੱਠ ਤੇ ਹੱਥ ਫੇਰਦੇ ਫੇਰਦੇ ਸਿਰ ਤੇ ਹੱਥ ਫੇਰਨ ਲੱਗੇ। ਸਾਂਢ ਵੀ ਨੇੜੇ ਹੋ ਪਿਆਰ ਲੈਣ ਲੱਗਿਆ। ਉਹਨਾਂ ਆਖਿਆ "ਕੀ ਕੀਤਾ ?" ਸੱਚੇ ਪਾਤਿਸ਼ਾਹ ਬਚਨ ਕੀਤਾ, "ਪਿਆਰ ਕੀਤਾ ਹੈ -ਅਰ ਦਿਲੋਂ ਕੀਤਾ ਹੈ"।ਸੋ ਸਤਿਗੁਰੂ ਜਗਜੀਤ ਸਿੰਘ ਜੀ ਨੇ ਇਵੇਂ ਹੀ ਆਪਣੇ ਦਿਲੋਂ ਕੀਤੇ ਪਿਆਰ ਨਾਲ ਅਨੇਕਾਂ ਦੇ ਦਿਲ ਮੋਹ ਲਏ।ਕਈ ਐਸੇ ਲ਼ਿਕਾਰੀ ਵਿਦਵਾਨ ਜਿਨਾਂ ਕਦੇ ਆਪਣੀ ਕਲਮ ਨਾਲ ਇੱਕ ਸ਼ਬਦ ਵੀ ਨਾਮਧਾਰੀਆਂ ਬਾਰੇ ਨਹੀਂ ਸੀ ਲਿਖਿਆ ਉਮਰ ਦੇ ਅਖੀਰੀ ਪੜਾਅ ਦੌਰਾਨ ਬੀਮਾਰ ਪਏ ਸਨ ਤੇ ਕੋਈ ਉਹਨਾਂ ਦੀ ਉੱਘ-ਸੁੱਘ ਲੈਣ ਵਾਲਾ ਨਹੀਂ ਸੀ, ਸਤਿਗੁਰੂ ਜੀ ਨੂੰ ਪਤਾ ਚੱਲਿਆ ਤਾਂ ਉਹਨਾਂ ਦੇ ਇਲਾਜ ਕਰਵਾਏ, ਉਹਨਾਂ ਨੂੰ ਪਿਆਰ ਇਸ ਲਈ ਕੀਤਾ ਕਿ ਉਹਨਾਂ ਕਿਸੇ ਨਾ ਕਿਸੇ ਰੂਪ ਵਿੱਚ ਪੰਜਾਬੀ ਬੋਲੀ, ਦੇਸ਼ ਤੇ ਸੰਗੀਤ ਦੀ ਸੇਵਾ ਕੀਤੀ ਹੈ। ਸਤਿਗੁਰੂ ਜਗਜੀਤ ਸਿੰਘ ਜੀ ਤਾਂ ਸਿਰਫ ਦੇਣਾ ਹੀ ਜਾਣਦੇ ਸਨ। ਮੇਰੇ ਬਾਬਾ ਜੀ ਮੈਨੂੰ ਦੱਸਿਆ ਕਰਦੇ ਸੀ ਕਿ ਜਦੋਂ ਇਹ ਗੁਰਗੱਦੀ ਤੇ ਨਵੇਂ ਨਵੇਂ ਬੈਠੈ ਹੀ ਸਨ ਕਿ ਇਕ ਦਿਨ ਲੰਗਰ ਵਿੱਚ ਜਲੇਬ ਬਣਵਾਏ ਤੇ ਸਤਿਗੁਰੂ ਜੀ ਆਪ ਸੰਗਤ ਨੂੰ ਵਰਤਾਉਣ ਲੱਗੇ। ਦੋਵਾਂ ਹੱਥਾਂ ਨਾਲ ਖੁੱਲਾ ਵਰਤਾਰਾ ਵਰਤਾ ਰਹੇ ਸਨ ਖਾਣਾ ਤਾਂ ਕੀ ਸੰਭਾਲਣਾ ਵੀ ਔਖਾ ਸੀ ਏਡਾ ਵਰਤਾਰਾ। ਸਿੱਖਾਂ ਅਰਜ਼ ਕੀਤੀ ਜੀ ਥੋੜਾ ਵਰਤਾਓ। ਸਤਿਗੁਰੂ ਜੀ ਹੁਕਮ ਕੀਤਾ ਕਿ "ਮੈਨੂੰ ਕੋਈ ਥੋੜ੍ਹਾ ਦੇਣ ਨੂੰ ਨਾ ਆਖੇ, ਮੈਂ ਤਾਂ ਦੋਵਾਂ ਹੱਥਾਂ ਨਾਲ ਹੀ ਦੇਣਾ ਹੈ"। ਸੋ ਸੱਚੇ ਪਾਤਸ਼ਾਹ ਦੋਵਾਂ ਹੱਥਾ ਨਾਲ ਹੀ ਕਿਰਪਾ ਕੀਤੀ ਦਾਤਾਂ ਵੰਡਣ ਦੀ। ਆਪ ਜੀ ਦੀਆਂ ਬੇਅੰਤ ਬਖਸ਼ਿਸ਼ਾਂ ਸਦਕਾ ਹੀ ਨਾਮਧਾਰੀ ਪੰਥ ਵਿੱਚ ਬਾਣੀ ਅਤੇ ਬਾਣੇ ਦੀ ਸ਼ੁੱਧਤਾ ਕਾਇਮ ਹੈ। ਖੇਡਾਂ ਅਤੇ ਸੰਗੀਤ ਦੇ ਖੇਤਰ ਵਿੱਚ ਸਿੱਖੀ ਸਰੂਪ ਦੀ ਮਾਣਯੋਗ ਪਹਿਚਾਣ ਨਾਮਧਾਰੀ ਨੌਜੁਆਨਾਂ ਰਾਹੀਂ ਹੀ ਬਾਣੀ ਹੈ। ਨਾਮਧਾਰੀ ਸਿੱਖ, ਗੁਰਮਤਿ ਜੀਵਨ ਵਿੱਚ ਪ੍ਰਪੱਕ ਹਨ, ਖੁਸ਼ਹਾਲ ਹਨ, ਸੁਖੀ ਹਨ।

**- 98153-77811**

..................................................

# ਕਿਰਪਾ ਦੇ ਸਾਗਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

**ਸੁਖਚੈਨ ਸਿੰਘ ਗਿੱਲ**

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ 93 ਵੇਂ ਸਾਲਾ ਜੀਵਨ ਨੂੰ ਜੇਕਰ ਕਿਰਪਾ ਦਾ ਸਾਗਰ ਆਖਿਆ ਜਾਵੇ ਤਾਂ ਬਿਲਕੁਲ ਅਤਿਕਥਨੀ ਨਹੀਂ ਹੋਵੇਗੀ। 1947 ਨੂੰ ਦੇਸ਼ ਦੀ ਵੰਡ ਤੋਂ ਬਾਅਦ ਉਸ ਪਾਰੋਂ ਉੱਜੜ ਕੇ ਆਏ ਲੋਕਾਂ ਨੂੰ ਮੁੜ ਵਸਾਉਣ ਦਾ ਕੰਮ ਤੇ ਉਹਨਾਂ ਨੂੰ ਮੁੱਢਲੀਆਂ ਸਹੂਲਤਾਂ ਦੇ ਕੇ ਖੁਸ਼ਹਾਲ ਬਣਾਉਣ ਦਾ ਕੰਮ ਸਤਿਗੁਰੂ ਜੀ ਸਾਹਵੇਂ ਚੁਨੌਤੀ ਬਣ ਕੇ ਖੜ੍ਹਾ ਸੀ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਕੀਤੀਆਂ ਬਖਸ਼ਿਸ਼ਾਂ ਬਾਰੇ ਕਾਫ਼ੀ ਕੁਝ ਲਿਖਿਆ ਗਿਆ ਹੈ ਅਤੇ ਅੱਗੇ ਵੀ ਲਿਖਿਆ ਜਾਵੇਗਾ, ਪਰ ਉਨ੍ਹਾਂ ਦੁਆਰਾ ਕੀਤੀ ਗਈ ਕਿਰਪਾ ਦੇ ਕੁਝ ਅੰਸ਼ ਸ਼ਾਇਦ ਅਜੇ ਤੱਕ ਕਿਸੇ ਕਲਮ ਦਾ ਹਿੱਸਾ ਨਹੀਂ ਬਣ ਸਕੇ, ਸੋ ਇਹ ਕਿਰਪਾ ਦੇ ਕੁਝ ਅੰਸ਼ ਮੈਂ ਆਪ ਜੀ ਨਾਲ ਸਾਂਝੇ ਕਰਨਾ ਚਾਹੁੰਦਾ ਹਾਂ, ਉਹ ਖਾਸ ਕਰ ਸਾਡੇ ਇਲਾਕੇ ਸ੍ਰੀ ਜੀਵਨ ਨਗਰ ਦੇ ਲੋਕਾਂ ਅਤੇ ਸਾਧ ਸੰਗਤ ਨਾਲ ਸਿੱਧੇ ਤੌਰ ਤੇ ਸੰਬੰਧਿਤ ਹਨ। ਉਹਨਾਂ ਦੀਆਂ ਬਖਸ਼ਿਸ਼ਾਂ ਦਾ ਸਾਡੇ ਇਲਾਕੇ ਦੇ ਭਵਿੱਖ ਨਿਰਮਾਣ, ਕਾਮਯਾਬੀ ਅਤੇ ਤਰੱਕੀ ਵਿੱਚ ਬਹੁਤ ਵੱਡਾ ਯੋਗਦਾਨ ਹੈ। ਇਸ ਕਰਕੇ ਮੈਂ ਸਮਝਦਾ ਹਾਂ ਇਹਨਾਂ ਪਹਿਲੂਆਂ ਨੂੰ ਲਿਖਿਤ ਦਾ ਹਿੱਸਾ ਬਣਾਇਆ ਜਾਵੇ ਤਾਂ ਜੋ ਆਉਣ ਵਾਲੀਆਂ ਨਸਲਾਂ ਇਸ ਤੋਂ ਜਾਣੂ ਹੋ ਸੱਕਣ। ਇਹਨਾਂ ਕੁਝ ਪਹਿਲੂਆਂ ਦੀ ਜਾਣਕਾਰੀ ਮੈਨੂੰ ਇਲਾਕੇ ਦੀ ਸਾਧ-ਸੰਗਤ, ਪਿਤਾ ਜੀ ਸਰਦਾਰ ਉਮਰਾਓ ਸਿੰਘ ਅਤੇ ਆਪਣੇ ਵੱਡੇ ਭਰਾ ਸੁਖਦੇਵ ਸਿੰਘ ਭੰਗੂਰ ਤੋਂ ਮਿਲੀ ਅਤੇ ਸਤਿਗੁਰੂ ਜੀ ਦੀ ਨਿਕਟਤਾ ਹਾਸਲ ਹੋਣ ਕਰਕੇ ਕੁਝ ਗੱਲਾਂ ਦਾ ਆਪ ਗਵਾਹ ਬਣਨ ਦਾ ਮੌਕਾ ਮਿਲਿਆ। ਸਭ ਤੋਂ ਪਹਿਲਾਂ ਸਤਿਗੁਰੂ ਜੀ ਨੇ ਉਹ ਲੋਕ ਜੋ ਕਿਸੇ ਭਰਮ-ਭੁਲੇਖੇ, ਧਾਰਮਿਕ ਅਤੇ ਸਮਾਜਿਕ ਅਗਿਆਨਤਾ, ਲਾਲਚਵਸ ਜਾਂ ਕਿਸੇ ਨਿੱਜ ਸਵਾਰਥ ਕਰਕੇ ਗੁਰੂ ਘਰ ਤੋਂ ਦੂਰ ਹੋ ਗਏ ਸਨ ਉਹਨਾਂ ਨੂੰ ਬਣਦਾ ਪਿਆਰ ਦੇ ਕੇ ਅਤੇ ਸੱਚ ਦਾ ਰਾਹ ਵਿਖਾ ਕੇ ਗੁਰੂ-ਘਰ ਨਾਲ ਜੋੜਿਆ।

ਜਿਵੇਂ ਕਿ ਤੁਸੀਂ ਸਾਰੇ ਜਾਣਦੇ ਹੋ ਕਿ ਇਲਾਕਾ ਵਸਾਉਣ ਵੇਲੇ ਸਾਧਨਾਂ ਦੀ ਕਮੀ, ਆਰਥਕ ਮੰਦਹਾਲੀ ਅਤੇ ਰਸਤੇ-ਖਾਲਾਂ ਦੀਆਂ ਸਹੂਲਤਾਂ ਨਾ ਹੋਣ ਕਰਕੇ ਤੇ ਇਲਾਕੇ ਦੀ ਜਮੀਨ ਵਾਹੀਯੋਗ ਨਾ ਹੋਣ ਕਰਕੇ ਜੀਵਨ ਯਾਪਨ ਬੜਾ ਮੁਸ਼ਕਿਲ ਸੀ। ਸਮੇਂ ਦੀ ਲੋੜ ਨੂੰ ਦੇਖਦੇ ਹੋਏ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸ੍ਰੀ ਜੀਵਨ ਨਗਰ ਤੋਂ ਲਹਿੰਦੇ ਪਾਸੇ ਡੇਰਾ ਸ੍ਰੀ ਮਸਤਾਨਗੜ੍ਹ ਦੀ ਸਥਾਪਨਾ ਕੀਤੀ ਅਤੇ ਕਈ ਵਰ੍ਹੇ ਉੱਥੇ ਇੱਕ ਨਿੱਕੇ ਜਿਹੇ ਕੱਚੇ ਕੋਠੇ ਵਿੱਚ ਨਿਵਾਸ ਰੱਖਿਆ। ਕਮਰਾ ਛੋਟਾ ਹੋਣ ਕਰਕੇ, ਉਸ ਵਿੱਚ ਦੋ ਮੰਜੇ ਵੀ ਨਹੀਂ ਟਿਕ ਸਕਦੇ ਸੀ। ਫਿਰ ਵੀ ਸਤਿਗੁਰੂ ਜੀ ਤੇ ਮਾਤਾ ਜੀ ਉੱਥੇ ਔਖੇ-ਸੌਖੇ ਹੋ ਕੇ ਦਿਨ ਬਸਰ ਕਰਦੇ। ਸਤਿਗੁਰੂ ਜੀ ਦੀ ਚਰਨ ਛੋਹ ਪ੍ਰਾਪਤ ਇਹ ਕੋਠਾ ਅੱਜ ਵੀ ਮੌਜੂਦ ਹੈ।

ਕਿਉਂਕਿ ਕਿਸੇ ਵੀ ਇਲਾਕੇ ਦੀ ਤਰੱਕੀ ਲਈ ਆਵਾਜਾਈ ਵਾਸਤੇ ਰਸਤਿਆਂ ਦਾ ਹੋਣਾ ਜਰੂਰੀ ਹੈ ਜੋ ਕਿ ਇਲਾਕੇ ਦੇ ਵਸੇਬੇ ਵੇਲੇ ਹੋਂਦ ਵਿੱਚ ਨਹੀਂ ਸਨ। ਇਸ ਲਈ ਸਤਿਗੁਰੂ ਜੀ ਨੇ ਇਲਾਕੇ ਦੇ ਪਿੰਡਾਂ ਨੂੰ ਜੋੜਨ ਵਾਸਤੇ ਯੋਗ ਰਸਤਿਆਂ ਨੂੰ ਬਣਾਉਣ ਦਾ ਕਾਰਜ ਆਰੰਭਿਆ ਪਰ ਕਈ ਥਾਈਂ ਸੰਕੀਰਨ ਸੋਚ ਕਾਰਨ ਲੋਕ ਸੜਕ ਲਈ ਜਮੀਨ, ਮਿੱਟੀ ਅਤੇ ਹੋਰ ਯੋਗਦਾਨ ਦੇਣ ਤੋਂ ਨਾਂਹ ਕਰ ਦਿੰਦੇ ਸਨ ਪਰ ਸਤਿਗੁਰੂ ਜੀ ਫਿਰ ਵੀ ਇਨ੍ਹਾਂ ਸਾਰੀਆਂ ਮੁਸ਼ਕਿਲਾਂ ਨੂੰ ਨਜਿੱਠਦੇ ਹੋਏ ਆਪਣੇ ਨਿੱਜੀ ਖਜ਼ਾਨੇ ਵਿੱਚੋਂ ਆਪਣੇ ਸੇਵਕਾਂ ਦੇ ਸਹਿਯੋਗ ਨਾਲ ਸਾਰੇ ਨਾਮਧਾਰੀ ਖਿੱਤੇ ਦੀਆਂ ਸੜਕਾਂ ਬਣਵਾਈਆਂ। ਕਈ ਵਾਰ ਵਿਰੋਧ ਕਰਨ ਵਾਲਿਆਂ ਨੂੰ ਪਿਆਰ-ਦੁਲਾਰ ਕੇ ਸਮਝਾਇਆ ਅਤੇ ਕਈ ਵਾਰ ਸੜਕਾਂ ਬਣਾਉਣ ਵਾਸਤੇ ਉਸ ਜਗ੍ਹਾ ਦਾ ਆਪਣੇ ਕੋਲੋਂ ਮੁੱਲ ਵੀ ਤਾਰਿਆ, ਜਿੰਨਾਂ ਵਿਚੋਂ ਕੁੱਝ ਦਾ ਮੈਂ ਵਿਸ਼ੇਸ਼ ਤੌਰ 'ਤੇ ਜਿਕਰ ਕਰਨਾਂ ਚਾਹੁੰਦਾ ਹਾਂ:-

**ਨਕੌੜਾ ਪਿੰਡ ਵਾਲੀ ਸੜਕ:-** ਸਤਿਗੁਰੂ ਜੀ ਨੇ ਇੱਕ ਵਾਰ ਨਕੌੜਾ ਪਿੰਡ ਦਰਸ਼ਨ ਦਿੱਤੇ। ਪਿੰਡੋਂ ਪਹਾੜ ਦੀ ਬਾਹੀ (ਉੱਤਰ ਦਿਸ਼ਾ) ਵੱਲ ਪਾਣੀ ਲਈ ਤਿੰਨ ਛੱਪੜ ਬਣੇ ਹੋਏ ਸਨ, ਜਿਨ੍ਹਾਂ ਦਾ ਪਾਣੀ ਪਿੰਡ ਦੀਆਂ ਕੰਧਾਂ ਤਕ ਫੈਲਿਆ ਹੋਇਆ ਸੀ। ਸਤਿਗੁਰੂ ਜੀ ਨੇ ਨਗਰ ਵਾਸੀਆਂ ਨੂੰ ਹੁਕਮ ਦਿੱਤਾ ਕਿ ਪਾਣੀ ਹਟਾ ਕੇ ਮਿੱਟੀ ਪਾ ਕੇ ਥਾਂ ਸੁੱਕਾ ਕਰੋ ਤਾਂ ਜੋ ਸੜਕ ਬਣ ਸਕੇ, ਪਰ ਪਿੰਡ ਵਾਸੀਆਂ ਤਵੱਜੋਂ ਨਾ ਦਿੱਤੀ, ਹੁਕਮ ਨਾ ਮੰਨਿਆ ਅਤੇ ਜਦੋਂ ਕੁਝ ਸਮੇਂ ਬਾਅਦ ਸਤਿਗੁਰੂ ਜੀ ਦੁਬਾਰਾ ਦਰਸ਼ਨ ਦੇਣ ਆਏ ਤਾਂ ਰਸਤੇ ਦੀ ਮੰਦਹਾਲੀ ਵੇਖੀ ਕਿ ਲੋਕ ਔਖੇ ਹੋਕੇ ਪਾਣੀ ਵਿੱਚੋਂ ਲੰਘਦੇ ਸਨ। ਵਾਪਸ ਡੇਰਾ ਮਸਤਾਨਗੜ੍ਹ ਆ ਕੇ ਆਪਣੇ ਮੁਖਤਿਆਰਾਂ, ਸੇਵਾਦਾਰਾਂ

ਨੂੰ ਹੁਕਮ ਦਿੱਤਾ ਕਿ ਨਕੌੜੇ ਜਾ ਕੇ ਸੜਕ ਬਣਾਉਣ ਵਾਸਤੇ ਜ਼ਮੀਨ ਤਿਆਰ ਕਰੋ ਅਤੇ ਨਕੌੜੇ ਵਾਲਿਆਂ ਨਾਲ ਕੋਈ ਸੰਪਰਕ ਨਹੀਂ ਰੱਖਣਾ, ਉਨ੍ਹਾਂ ਦੀ ਕੋਈ ਮਦਦ ਨਹੀਂ ਲੈਣੀ, ਕੋਈ ਸੇਵਾਦਾਰ ਨਹੀਂ ਲੱਗਣ ਦੇਣਾ, ਉੱਥੋਂ ਦਾ ਜਲ-ਪਾਣੀ ਵੀ ਨਹੀਂ ਛਕਣਾ। ਹੁਕਮ ਮੰਨਿਆ ਗਿਆ, ਸੜਕ ਦਾ ਕੰਮ ਸ਼ੁਰੂ ਹੋਇਆ ਅਤੇ ਪੀਪਿਆਂ, ਬਾਲਟੀਆਂ, ਝੱਟਿਆਂ ਨਾਲ ਪਾਣੀ ਝੱਟ ਕੇ ਕੁੰਡਾਂ (ਤਲਾਬਾਂ) ਵਿੱਚ ਸੁੱਟਿਆ ਜਾਣ ਲੱਗਿਆ। ਏਥੇ ਜੋ ਮੱਛੀਆਂ ਸਨ, ਉਹ ਪਾਣੀ ਦੇ ਡਰੰਮਾਂ ਵਿੱਚ ਪਾ ਕੇ ਵੱਡੇ ਤਲਾਬਾਂ 'ਚ ਛੱਡੀਆਂ ਗਈਆਂ। ਸ੍ਰੀ ਮਾਤਾ ਚੰਦ ਕੌਰ ਜੀ ਡੇਰਾ ਮਸਤਾਨਗੜ੍ਹ ਤੋਂ ਲੰਗਰ-ਪਾਣੀ ਤਿਆਰ ਕਰਕੇ ਸੇਵਾਦਾਰਾਂ ਲਈ ਪਹੁੰਚਾਉਂਦੇ। ਨਕੌੜਾ ਦੀ ਸਾਧ-ਸੰਗਤ ਨੂੰ ਗ਼ਲਤੀ ਦਾ ਅਹਿਸਾਸ ਹੋਇਆ ਅਤੇ ਉਨ੍ਹਾਂ ਨੇ ਆ ਕੇ ਭੁੱਲ ਬਖਸ਼ਾਈ ਤੇ ਸੇਵਾ 'ਚ ਲੱਗੇ। ਇੱਕ ਗੱਲ ਹੋਰ ਖ਼ਾਸ ਸੀ ਕਿ ਉਨ੍ਹਾਂ ਤਲਾਬਾਂ ਵਿੱਚ ਸੱਪ ਬਹੁਤ ਸਨ। ਸੰਗਤ ਕਿਸੇ ਅਣਸੁਖਾਵੀਂ ਘਟਨਾ ਹੋਣ ਤੋਂ ਵੀ ਡਰਦੀ ਸੀ, ਜਿਸ ਦੀ ਅਰਜ਼ ਗੁਰੂ ਜੀ ਕੋਲ ਕੀਤੀ ਗਈ ਤਾਂ ਉਨ੍ਹਾਂ ਹੁਕਮ ਕੀਤਾ ਕਿ ਤੁਸੀਂ ਇਨ੍ਹਾਂ ਨੂੰ ਕੁਝ ਨਾ ਆਖੋ ਇਹ ਤੁਹਾਨੂੰ ਕੁਝ ਨਹੀਂ ਕਹਿਣਗੇ ਕਮਾਲ ਦੀ ਗੱਲ ਹੈ ਕਿ ਉਸ ਸੇਵਾ ਦੌਰਾਨ ਕਿਸੇ ਸੇਵਾਦਾਰ ਨੂੰ ਸੱਪਾਂ ਨੇ ਕੋਈ ਨੁਕਸਾਨ ਨਹੀਂ ਪਹੁੰਚਾਇਆ। ਉੱਥੇ ਇੱਕ ਟੋਏ ਨੂੰ ਭਰਨ ਵਾਸਤੇ ਕਾਫ਼ੀ ਮਾਤਰਾ ਵਿੱਚ ਮਿੱਟੀ ਦੀ ਲੋੜ ਸੀ ਜੋ ਭਾਈ ਹਰਨਾਮ ਸਿੰਘ ਪੱਧਰੀ ਵਾਲਿਆਂ ਦੀ ਨਾਲ ਲੱਗਦੀ ਜ਼ਮੀਨ ਵਿਚੋਂ ਪੁੱਟ ਕੇ ਪੂਰੀ ਕੀਤੀ ਗਈ।

**ਦਮਦਮੇ ਤੋਂ ਧਰਮਪੁਰਾ-ਸੰਤੋਖਪੁਰਾ ਦੀ ਸੜਕ:-** ਇਸ ਸੜਕ ਦਾ ਵਰਣਨ ਉਚੇਚੇ ਤੌਰ ਤੇ ਮੈਂ ਇਸ ਕਰਕੇ ਕਰਨਾ ਚਾਹੁੰਦਾ ਹਾਂ ਕਿਉਂਕਿ ਮੁਰੱਬਾਬੰਦੀ ਵੇਲੇ ਜੋ ਜਗ੍ਹਾ ਸੜਕ ਵਾਸਤੇ ਛੱਡੀ ਗਈ ਸੀ ਕਿਸੇ ਵਿਰੋਧ ਕਾਰਨ ਸੜਕ ਉੱਥੇ ਨਹੀਂ ਬਣ ਸਕੀ। ਸਤਿਗੁਰੂ ਜੀ ਨੇ ਹੋਰ ਜਗ੍ਹਾ ਲੈ ਕੇ ਤਿਆਰ ਕਰਕੇ ਸੜਕ ਬਣਵਾਈ ਜੋ ਹੁਣ ਕਈ ਪਿੰਡਾਂ ਨੂੰ ਜੋੜਦੀ ਹੈ। ਇਸ ਕਾਰਜ ਵਿਚ ਦਮਦਮੇ, ਹਰੀਪੁਰੇ ਦੀ ਸਾਧ ਸੰਗਤ ਦਾ ਸਹਿਯੋਗ ਬਹੁਤ ਖ਼ਾਸ ਰਿਹਾ ਜਿਨ੍ਹਾਂ ਵਿੱਚ ਸ੍ਰੀ ਮਾਤਾ ਚੰਦ ਕੌਰ ਜੀ ਦੇ ਭਾਈ ਸ੍ਰ. ਬਲੀ ਸਿੰਘ ਅਤੇ ਉਨ੍ਹਾਂ ਦਾ ਪਰਿਵਾਰ, ਸੰਤ ਨਿਧਾਨ ਸਿੰਘ, ਸੰਤ ਬਸੰਤ ਸਿੰਘ, ਸੰਤ ਸਿੰਘ, ਨੰਬਰਦਾਰ ਜੀਤ ਸਿੰਘ, ਸ੍ਰ. ਕੇਹਰ ਸਿੰਘ, ਸੰਤ ਲਛਮਣ ਸਿੰਘ ਚੱਕਵਾਲੇ, ਸੰਤ ਗੁਲਜਾਰ ਸਿੰਘ, ਸੰਤ ਮੁਖਤਿਆਰ ਸਿੰਘ ਬਾਜਾਖਾਨਾ, ਬਲਬੀਰ ਸਿੰਘ ਮਲੋਟੀਏ ਅਤੇ ਇਲਾਕੇ ਦੀ ਬਾਕੀ ਸੰਗਤ ਨੇ ਵੀ ਆਪਣੇ ਟਰੈਕਟਰ ਟਰਾਲੀਆਂ ਨਾਲ ਉੱਚੀ-ਨੀਵੀਂ ਜਗ੍ਹਾ ਨੂੰ ਸਮਤਲ ਕਰਕੇ ਇਹ ਸੜਕ ਬਣਾਉਣ ਵਿੱਚ ਯੋਗਦਾਨ ਦਿੱਤਾ। ਸਤਿਗੁਰੂ ਜੀ ਆਪ ਵੀ ਸਾਰਾ-ਸਾਰਾ ਦਿਨ ਸਿੱਖਾਂ ਸੇਵਕਾਂ ਨਾਲ ਰਹਿੰਦੇ ਤੇ ਕਹੀ, ਕੁਹਾੜੀ ਦਾ ਕੰਮ ਆਪਣੇ ਹੱਥੀਂ ਵੀ ਕਰਦੇ ਤੇ ਪੂਜਯ ਮਾਤਾ ਚੰਦ ਕੌਰ ਜੀ ਵੀ ਅੰਤਾਂ ਦੀ ਠੰਢ ਅਤੇ ਗਰਮੀ ਵਿੱਚ ਮਿੱਟੀ ਦੇ ਭਰੇ ਬੱਠਲ ਚੁੱਕ ਦੇ ਤੇ ਸਮੇਂ ਅਨੁਸਾਰ ਸਾਧ-ਸੰਗਤ ਲਈ ਪ੍ਰਸ਼ਾਦੇ ਪਾਣੀ ਦਾ ਇੰਤਜ਼ਾਮ ਵੀ ਕਰਦੇ ਅਤੇ ਕੜਾਹ ਪ੍ਰਸ਼ਾਦ ਤੇ ਸ਼ਰਦਾਈ ਦੇ ਖੁੱਲ੍ਹੇ ਗੱਫੇ ਵੀ ਛਕਾਉਂਦੇ। ਇਸੇ ਤਰ੍ਹਾਂ ਸਤਿਗੁਰੂ ਜੀ ਨੇ ਕ੍ਰਿਪਾ ਕਰਕੇ ਸ੍ਰੀ ਜੀਵਨ ਨਗਰ ਤੋਂ ਮਿਰਜ਼ਾਪੁਰ ਥੇੜ੍ਹ ਵਾਲੀ ਸੜਕ ਜੋ ਕਿ ਅੱਗੇ ਖੂਹ ਅੰਮ੍ਰਿਤਸਰ ਅਤੇ ਹਾਰਨੀਆਂ ਵਰਗੇ ਪਿੰਡਾਂ ਨਾਲ ਜੁੜਦੀ ਹੈ ਅਤੇ ਸੰਤ ਨਗਰ ਤੋਂ ਡੇਰਾ ਮਸਤਾਨਗੜ੍ਹ ਨੂੰ ਜੋੜ ਕੇ ਅੱਗੇ ਅੰਮ੍ਰਿਤਸਰ ਕਲਾਂ ਤੱਕ ਅਤੇ ਹਿੰਮਤਪੁਰਾ, ਨਕੌੜਾ ਆਦਿ ਪਿੰਡਾਂ ਨੂੰ ਵੀ ਚੰਗੇ ਰਾਹ ਬਣਾ ਕੇ ਆਪਸ ਵਿੱਚ ਜੋੜਿਆ। ਉਚੇਚੇ ਤੌਰ ਤੇ ਦੱਸਣਾ ਚਾਹਾਂਗਾ ਕਿ ਸੰਤਨਗਰ ਤੋਂ ਡੇਰਾ ਮਸਤਾਨ ਗੜ੍ਹ ਵਾਲੀ ਸੜਕ ਤੇ ਨਹਿਰ ਦੀ ਪੁਲੀ ਸਤਿਗੁਰੂ ਜੀ ਅਤੇ ਮਾਤਾ ਜੀ ਨੇ ਰਾਤ 11 ਵਜੇ ਤੱਕ ਕੋਲ ਹਾਜ਼ਰ ਰਹਿ ਕੇ ਤਿਆਰ ਕਰਵਾਈ। ਉਪਰੋਕਤ ਕਾਰਜਾਂ ਵੇਲੇ ਸਤਿਗੁਰੂ ਜੀ ਨੇ ਅਸੀਮ ਬਖ਼ਸ਼ਿਸ਼ ਕੀਤੀ ਅਤੇ ਮਿੱਟੀ ਦੇ ਬੱਠਲ ਚੁੱਕਣ ਤੋਂ ਲੈ ਕੇ ਟਰੈਕਟਰ ਚਲਾਉਣ ਅਤੇ ਕਹੀ-ਕੁਹਾੜੀ ਦੇ ਕੰਮ ਆਪਣੇ ਪਵਿੱਤਰ ਹਸਤ ਕਮਲਾਂ ਨਾਲ ਪਰਵਾਨ ਚੜ੍ਹਾਏ।

ਰਸਤਿਆਂ ਤੋਂ ਇਲਾਵਾ ਇਲਾਕੇ ਨੂੰ ਤਰੱਕੀ ਤੇ ਕਾਮਯਾਬੀ ਦੀ ਰਾਹ ਤੇ ਲਿਆਉਣ ਵਾਸਤੇ ਅਤੇ ਇਲਾਕੇ ਨੂੰ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰ ਤੇ ਪਛਾਣ ਦਿਵਾਉਣ ਵਾਸਤੇ ਅਤੇ ਲੋਕਾਂ ਨੂੰ ਆਰਥਿਕ ਤੌਰ ਤੇ ਮਜ਼ਬੂਤ ਕਰਨ ਵਾਸਤੇ ਸਤਿਗੁਰੂ ਜੀ ਨੇ ਡਾਲਟਨ ਗੰਜ ਵਾਲੇ ਸੇਠ ਬੰਧੂਆਂ ਦੇ ਸਹਿਯੋਗ ਨਾਲ ਵੱਡੇ ਕਾਰਖਾਨੇ ਸ੍ਰੀ ਜੀਵਨ ਨਗਰ ਵਿਖੇ ਸਥਾਪਿਤ ਕੀਤੇ। ਜਿਨ੍ਹਾਂ ਵਿਚ ਕਾਟਨ ਮਿਲਾਂ, ਰਾਈਸ ਮਿੱਲਾਂ ਆਦਿ ਲਗਵਾਈਆਂ। ਇਸੇ ਤਰ੍ਹਾਂ ਕੋਲੋਂ ਜ਼ਮੀਨ ਦੇ ਕੇ ਇਲਾਕੇ ਦੇ ਕਿਸਾਨਾਂ ਤੇ ਆਮ ਲੋਕਾਂ ਦੀ ਸਹੂਲਤ ਵਾਸਤੇ ਦਾਣਾ ਮੰਡੀ ਤੇ ਬਿਜਲੀ ਘਰ ਸਥਾਪਤ ਕਰਵਾਏ ਅਤੇ ਬੱਚਿਆਂ ਤੇ ਨੌਜਵਾਨਾਂ ਨੂੰ ਅਜੋਕੀ ਵਿੱਦਿਆ ਦੇ ਨਾਲ-ਨਾਲ ਧਾਰਮਿਕ ਵਿੱਦਿਆ ਤੇ ਖੇਡਾਂ ਦੇ ਖੇਤਰ ਵਿਚ ਕਾਮਯਾਬ ਕਰਨ ਵਾਸਤੇ ਵਿੱਦਿਅਕ ਅਦਾਰੇ ਬਣਵਾਏ ਤਾਂ ਜੋ ਇਸ ਇਲਾਕੇ ਦੇ ਬੱਚੇ ਪੜ੍ਹ ਲਿਖ ਕੇ ਸਮੇਂ ਦੇ ਹਾਣ ਦੇ ਹੋ ਸਕਣ ਅਤੇ ਸਿੱਖੀ ਸਰੂਪ ਵਿੱਚ ਕਾਇਮ ਰਹਿ ਸਕਣ। ਉਚੇਰੀ ਸਿੱਖਿਆ ਲਈ ਗੁਰੂ ਹਰੀ ਸਿੰਘ ਕਾਲਜ ਅਤੇ ਸਤਿਗੁਰੂ

**ਬਾਕੀ ਹਿੱਸਾ ਸਫ਼ਾ ਨੰਬਰ 25 'ਤੇ**

# ਗੁਰਮਤਿ ਵਿੱਚ ਬਿਬੇਕ ਦਾ ਸੰਕਲਪ ਅਤੇ ਬਿਬੇਕੀ ਰਹਿਤ

**– ਹਰਪਾਲ ਸਿੰਘ ਸੇਵਕ**

**(ਪਿਛਲੇ ਅੰਕ ਤੋਂ ਅੱਗੇ)**

ਅਖੰਡ ਪਾਠ, ਸਾਧਾਰਨ ਪਾਠ (ਸਹਿਜ ਪਾਠ) ਹਵਨ ਯੱਗ ਦੇ ਨਾਲ ਇਕ ਹੋਰ ਪਰੰਪਰਾ ਹੈ ਵਰਨੀਆਂ ਦੀ–

**ਨਾਮ ਸਿਮਰਨ ਦੀ ਅਖੰਡ ਵਰਨੀ:** ਜੋ ਸਭ ਤੋਂ ਪਹਿਲੋਂ ਸ੍ਰੀ ਭੈਣੀ ਸਾਹਿਬ 1934 ਈ. ਵਿਚ ਸਤਿਗੁਰੂ ਪ੍ਰਤਾਪ ਸਿੰਘ ਨੇ ਆਰੰਭ ਕਰਵਾਈ। ਅੱਜ ਕੱਲ ਵੱਖੋ-ਵੱਖ ਥਾਈਂ ਕ੍ਰੀਬ 15 ਵਰਨੀਆਂ ਚੱਲ ਰਹੀਆਂ ਹਨ- ਅਖੰਡ ਵਰਨੀ ਲਈ ਵੀ ਪੂਰਾ ਕਮਰਾ ਸੁੱਚਾ ਰੱਖਿਆ ਜਾਂਦਾ ਹੈ। ਦੇਸੀ ਘਿਉ ਦੀ ਜੋਤ ਅਤੇ ਮਘਦੇ ਕੋਲਿਆਂ ਤੇ ਸਮੱਗਰੀ ਅਤੇ ਪਾਸ ਕੁੰਭ (ਜਲ) ਰੱਖਿਆ ਜਾਂਦਾ ਹੈ। ਹਰ ਦੋ ਘੰਟੇ ਬਾਅਦ ਸਿੰਘ ਸਣਕੇਸੀਂ ਇਸ਼ਨਾਨ ਕਰਕੇ ਰੌਲ ਤੇ ਆ ਜਾਂਦਾ ਹੈ ਤੇ ਮਾਲਾ ਫੇਰਦਿਆਂ ਨਾਮ (ਚੌਅੱਖਰਾ ਗੁਰਮੰਤ੍ਰ) ਜਪਦਾ ਹੈ।

**ਨਾਮ ਸਿਮਰਨ ਦੀ ਵਰਨੀ:** ਕ੍ਰੀਬ 25 ਸੋਧੀ ਸਿੰਘ ਅਰਦਾਸ ਕਰਕੇ ਨਾਮ ਸਿਮਰਨ ਆਰੰਭ ਕਰਦੇ ਹਨ। 25 ਮਾਲਾ ਪੱਕੀਆਂ ਭਜਨ ਦੀਆਂ ਕਰਨੀਆਂ ਹੁੰਦੀਆਂ ਹਨ ਜਿਨ੍ਹਾਂ ਨੂੰ ਕ੍ਰੀਬ ਦੋ ਘੰਟੇ ਲਗ ਜਾਂਦੇ ਹਨ। ਭੋਗ ਤੋਂ ਪਹਿਲਾਂ ਕੜਾਹ ਪ੍ਰਸਾਦ ਲਿਆ ਕੇ ਫੇਰ ਅਰਦਾਸ ਹੁੰਦੀ ਹੈ।

**ਜਪੁ ਸਾਹਿਬ, ਚੌਪਈ ਅਤੇ ਚੰਡੀ ਦੀ ਵਾਰ ਦੀ ਵਰਨੀ:** ਵਰਨੀਆਂ ਦਾ ਮਨੋਰਥ, ਗ੍ਰਿਹਿ ਪ੍ਰਵੇਸ਼, ਕਿਸੇ ਖੁਸ਼ੀ ਦੇ ਅਵਸਰ ਤੇ ਕਿਸੇ ਮਨੋਰਥ ਦੀ ਪੂਰਤੀ ਲਈ ਜਾਂ ਦੇਹ ਅਰੋਗਤਾ ਨਮਿੱਤ ਹੋ ਸਕਦਾ ਹੈ। ਜਪੁ ਸਾਹਿਬ, ਚੌਪਈ ਅਤੇ ਚੰਡੀ ਦੀ ਵਾਰ ਦੀਆਂ ਵਰਨੀਆਂ ਲਈ ਸੋਧੀ ਸਿੰਘ 101 ਪਾਠ ਕਰਦੇ ਹਨ ਤੇ ਕੜਾਹ ਪ੍ਰਸਾਦ ਰੱਖ ਕੇ ਅਰਦਾਸ ਹੁੰਦੀ ਹੈ। ਗੁਰਬਾਣੀ ਅਦਬ, ਗੁਰਬਾਣੀ ਪਾਠ ਅਤੇ ਨਿਤਨੇਮ ਦੀ ਮਰਿਯਾਦਾ ਬਾਰੇ ਪ੍ਰੋ: ਪਿਆਰਾ ਸਿੰਘ ਪਦਮ ਦੇ ਸੰਕਲਿਤ ਰਹਿਤਨਾਮਿਆਂ ਵਿਚ ਭਾਈ ਦੇਸਾ ਸਿੰਘ ਜੀ ਦੇ ਰਹਿਤਨਾਮੇਂ ਵਿੱਚ ਦਰਜ ਹੈ:

ਪ੍ਰਾਤਹ ਉਠ ਇਸ਼ਨਾਨ ਕਰਿ ਪਢਹਿ ਜਾਪੁ ਜਪੁ ਦੋਇ।
ਸੋਦਰ ਕੀ ਚੌਂਕੀ ਕਰੇ ਆਲਸ ਕਰੇ ਨਾ ਕੋਇ।
ਪਹਿਰ ਰਾਤ ਬੀਤ ਹੈ ਜਬਹੀ ਸੋਹਿਲਾ ਪਾਠ ਕਰੈ ਸੋ ਤਬਹੀ।
**ਦੁਹੂੰ ਗ੍ਰੰਥ ਮੈ ਬਾਨੀ ਜੋਈ ਚੁਨ-ਚੁਨ ਕੰਠ ਕਰੇ ਨਿਤ ਸੋਈ।** (ਰਹਿਤਨਾਮੇ-੧੫੯)

ਨਿਤਨੇਮ ਦੀਆਂ ਬਾਣੀਆਂ ਵਿਚ ਵੀ ਆਰੰਭਕ ਬਾਣੀਆਂ ਜਪੁ, ਜਾਪੁ ਦੋਹਾਂ ਗ੍ਰੰਥ ਸਾਹਿਬਾਂ ਵਿਚੋਂ ਹਨ। ਨਾਮਧਾਰੀ ਪੰਥ ਵਿਚ ਪੁਰਾਤਨ ਪਰੰਪਰਾ ਅਨੁਸਾਰ ਦੋਹਾਂ ਗ੍ਰੰਥ ਸਾਹਿਬਾਂ (ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗੁਰੂ ਗ੍ਰੰਥ ਸਾਹਿਬ) ਦੀ ਬਾਣੀ ਦਾ ਇਕੋ ਜੇਹਾ ਅਦਬ ਕੀਤਾ ਜਾਂਦਾ ਹੈ। ਸਹਿਜ ਪਾਠ ਅਤੇ ਅਖੰਡ ਪਾਠ ਵੀ ਦੋਹਾਂ ਗ੍ਰੰਥ ਸਾਹਿਬਾਂ ਦੇ ਹੁੰਦੇ ਹਨ। ਸਪੱਸ਼ਟ ਕਰਨਾ ਚਾਹੁੰਦਾ ਹਾਂ ਕਿ ਜੇ ਅਸੀਂ ਕੇਵਲ ਸ੍ਰੀ ਦਸਮ ਗ੍ਰੰਥ ਕਹਿੰਦੇ ਹਾਂ ਤਾਂ ਭਾਵ ਹੈ ਦਸਵਾਂ ਗ੍ਰੰਥ ਭਾਵ ਲੜੀ ਵਾਰ ਇਸਦੇ ਨੌਂ ਗ੍ਰੰਥ ਹੋਰ ਹਨ। ਇਸ ਲਈ ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ ਲਿਖਣਾ ਹੀ ਸਪਸ਼ਟ ਕਰਦਾ ਹੈ- ਦਸਮ ਗੁਰੂ ਜੀ ਦਾ ਗ੍ਰੰਥ। ਕੀਰਤਨ ਕਰਨ ਸਮੇਂ ਦੋਹਾਂ ਗ੍ਰੰਥ ਸਾਹਿਬਾਂ ਦੀ ਅਤੇ ਭਾਈ ਗੁਰਦਾਸ ਜੀ ਦੀ ਬਾਣੀ ਵਿਚੋਂ ਸ਼ਬਦ ਗਾਇਨ ਕੀਤੇ ਜਾਂਦੇ ਹਨ।

ਗੁਰਬਾਣੀ ਪਾਠ ਦੀ ਰਹਿਤ ਅਨੁਸਾਰ ਭਾਵੇਂ ਬੀੜ ਤੋਂ ਪਾਠ ਕਰਨਾ ਹੋਵੇ ਜਾਂ ਪੋਥੀ (ਗੁਟਕੇ) ਤੋਂ ਨਿਤਨੇਮ ਦੀਆਂ ਬਾਣੀਆਂ ਦਾ ਪਾਠ ਕਰਨਾ ਹੋਵੇ। ਨਾਮਧਾਰੀ ਪੰਥ ਵਿਚ ਪ੍ਰਚਲਤ ਮਰਿਯਾਦਾ ਅਨੁਸਾਰ- ਇਸ਼ਨਾਨ ਕਰਕੇ, ਸੁੱਚੇ ਬਸਤ੍ਰ ਪਹਿਨੇ ਹੋਣ, ਜੋੜੇ ਵਾਲੇ ਪੈਰ ਧੋਕੇ ਪਾਠ ਕਰਨਾ, ਜੰਗਲ ਮੈਦਾਨ ਜਾ ਕੇ ਬਿਨਾਂ ਇਸ਼ਨਾਨ ਤੋਂ ਪਾਠ ਨਹੀਂ ਕਰਨਾ ਆਦਿ।

ਸਤਿਗੁਰੂ ਰਾਮ ਸਿੰਘ ਜੀ ਨੇ ਰੰਗੂਨ ਤੋਂ ਭੇਜੇ ਹੁਕਮਨਾਮਿਆਂ ਵਿਚ ਜੇ ਸਭ ਤੋਂ ਵੱਧ ਵਾਰ ਲਿਖਿਆ ਹੈ ਤਾਂ ਬਾਣੀ ਪੜ੍ਹਨ, ਕੰਠ ਕਰਨ ਬਾਰੇ ਅਤੇ ਨਾਮ ਜਪਣ ਬਾਰੇ ਲਿਖਿਆ ਹੈ।

'ਸੋ ਭਾਈ ਬਾਣੀ ਸਭ ਨੇ ਕੰਠੀ ਕਰਨੀ ਜਨਾਨੇ ਮਰਦਾਨੇ ਨੇ ਬੁਢੇ ਬਾਲੇ ਨੇ ਜੋ ਬਾਣੀ ਪੜ੍ਹੇਗਾ ਅਰ ਭਜਨ ਕਰੇਗਾ ਸੋ ਉਸ ਕੇ ਬਾਸਤੇ ਸਭ ਸੁਖ ਹੋਣਗੇ। ਰਿਜਕ ਦੇ ਬਿਚ ਬੀ ਬਰਕਤ ਹੋਊਗੀ। ਸਰੀਰ ਭੀ ਅਰੋਗ ਰਹੇਗਾ। ਹਰਿ ਤਰ੍ਹਾਂ ਸੇ ਉਸ ਸਰੀਰ ਦੀ ਗੁਰੂ ਰੱਛਿਆ ਕਰੇਗਾ, ਸਤਿ ਕਰਕੇ ਮੰਨਣਾ।' (ਹੁਕਮਨਾਮਾ ੩)

'ਜੇ ਪੁੱਜ ਆਵਣ ਤਾ ਪੰਜ ਗ੍ਰੰਥ ਕੰਠ ਕਰਨੇ, ਨਹੀ ਤਾ ਜਪੁ, ਜਾਪੁ, ਰਹਿਰਾਸ, ਆਰਤੀ ਸੋਹਿਲਾ, ਸੁਖਮਨੀ, ਆਸਾ ਦੀ ਵਾਰ, ਸਭ ਕੰਠ ਕਰਨ ਜਨਾਨੇ ਮਰਦਾਨੇ, ਨਾਲੇ

ਪਿਛਲੀ ਰਾਤ ਨਾਇ ਕੇ ਪੜਨਾ, ਜਿਤਨਾ ਬਣ ਆਵੇ ਉਤਨਾ ਭਜਨ ਕਰਨਾ।' ਹੁਕਮਨਾਨਾ ੧੩

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਵਚਨਾਂ ਵਿਚ ਵਾਰ-ਵਾਰ ਜਿਕਰ ਹੈ। ਹਰ ਨਾਮਧਾਰੀ ਪ੍ਰਤੀ ਜੀਅ ਰੋਜਾਨਾ ਇਕ ਘੰਟਾ ਨਾਮ ਸਿਮਰਨ ਅਤੇ ਪ੍ਰਤੀ ਪਰਿਵਾਰ ਮਹੀਨੇ ਦਾ ਇਕ ਪਾਠ ਜਰੂਰ ਕਰੇ। ਅਜੇ ਵੀ ਬਹੁਤ ਨਾਮਧਾਰੀ ਪਰਿਵਾਰ ਮਹੀਨੇ ਦਾ ਇਕ ਪਾਠ ਜਰੂਰ ਕਰਦੇ ਹਨ। ਹੁਣ ਤੱਕ ਨਾਮਧਾਰੀ ਪੰਥ ਵਿਚ ਆਦਿ ਗੁਰੂ ਗ੍ਰੰਥ ਸਾਹਿਬ ਦੇ ਸਵਾ ਲੱਖ ਪਾਠਾਂ ਦੀ ਲੜੀ ਛੇ ਵੇਰ ਸੰਪੂਰਨ ਕੀਤੀ ਜਾ ਚੁੱਕੀ ਹੈ। ਦੋ ਵੇਰ ਪੰਜ-ਪੰਜ ਸੌ ਅਖੰਡ ਪਾਠ ਦਸਮ ਪਾਤਸ਼ਾਹ ਦੇ ਇਤਿਹਾਸਕ ਗੁਰਦੁਆਰੇ ਸੁਹੇਵਾ ਸਾਹਿਬ ਕੀਤੇ ਜਾ ਚੁੱਕੇ ਹਨ। ਇਸ ਤੋਂ ਬਿਨਾਂ ਹਜ਼ਾਰਾਂ ਸਹਿਜ ਅਤੇ ਅਖੰਡ ਪਾਠ ਹੋਏ ਅਤੇ ਹੋ ਰਹੇ ਹਨ। ਇਹ ਪਾਠ ਜਿੱਥੇ ਆਦਿ ਗੁਰੂ ਗ੍ਰੰਥ ਸਾਹਿਬ ਦੇ ਹੁੰਦੇ ਹਨ ਉਥੇ ਦਸਮ ਗੁਰੂ ਗ੍ਰੰਥ ਸਾਹਿਬ ਦੇ ਵੀ ਹੁੰਦੇ ਹਨ।

ਗੁਰਮਤਿ ਵਿਚਾਰਧਾਰਾ, ਸਿੱਖੀ ਸਰੂਪ, ਜੀਵਨ ਜਾਚ ਅਤੇ ਰਹਿਤ ਮਰਿਯਾਦਾ ਦੀ ਸੰਪੂਰਨਤਾ ਹੀ ਬਿਬੇਕੀ ਰਹਿਤ ਕਹੀ ਜਾਂਦੀ ਹੈ। ਪੁਰਾਤਨ ਖਾਲਸਾਈ ਰਹਿਤ ਦੇ ਅਮਲੀ ਰੂਪ ਵਿਚ ਧਾਰਣੀ ਹੋਣਾ ਅਤੇ ਗੁਰਬਾਣੀ ਅਨੁਸਾਰ ਜੀਵਨ ਜੀਊਣਾ ਹੀ ਨਾਮਧਾਰੀ ਸਿੱਖਾਂ ਦਾ ਮੁੱਖ ਉਦੇਸ਼ ਹੈ। ਰਹਿਤ ਦੀ ਮਹੱਤਤਾ ਬਾਰੇ ਭਾਈ ਦੇਸਾ ਸਿੰਘ ਜੀ ਦੇ ਰਹਿਤਨਾਮੇ ਦੇ ਸ਼ਬਦਾਂ ਨਾਲ ਹੀ ਸਮਾਪਨ ਕਰਦਾ ਹਾਂ-

ਰਹਤਵਾਨ ਜਗ ਸਿੰਘ ਜੇ ਕੋਈ।
ਗੁਰ ਕੇ ਲੋਕ ਬਸੈਂਗੇ ਤੇਈ।
ਰਹਣੀ ਰਹੇ ਸੋਈ ਸਿੱਖ ਮੇਰਾ।
ਵਹ ਠਾਕੁਰ ਮੈ ਉਸ ਕਾ ਚੇਰਾ।
ਰਹਤ ਰਹਿਤ ਰਹਿ ਜਾਇ ਬਿਕਾਰਾ।
ਰਹਤ ਧਰਮ ਸਿੰਘਨ ਕੋ ਸਾਰਾ।
ਰਹਤ ਬਿਨਾ ਸਦ ਗਤਿ ਨਹਿ ਹੋਈ।
ਰਹਤ ਬਿਨਾ ਭਲ ਕਹੈ ਨ ਕੋਈ।
ਰਹਤ ਬਿਨਾ ਨਹਿ ਸਿੰਘ ਕਹਾਵੈ।
ਰਹਤ ਬਿਨਾ ਦਰ ਚੋਟਾ ਖਾਵੈ।
ਰਹਤ ਬਿਨਾ ਜਗ ਮੋ ਭਰਮਾਈ।
ਰਹਤ ਬਿਨਾ ਨਰ ਨਰਕੇ ਜਾਈ॥

**ਸੰਪਰਕ 9417601321**

## ਸਫ਼ਾ ਨੰਬਰ 23 ਦਾ ਬਾਕੀ ਹਿੱਸਾ...

ਪ੍ਰਤਾਪ ਸਿੰਘ ਕੰਨਿਆ ਵਿਦਿਆਲਾ ਸਥਾਪਿਤ ਕੀਤਾ।

ਸਤਿਗੁਰੂ ਜੀ ਨੇ ਆਪਣੀ ਕਿਰਪਾ ਅਤੇ ਦਿਆਲਤਾ ਸਦਕਾ ਉੱਜੜ-ਪੁਜੜ ਕੇ ਆਏ ਲੋਕਾਂ ਦੀ ਉਦਰਪੂਰਤੀ ਲਈ ਸਦਾਵਰਤ ਲੰਗਰ ਵੀ ਚਲਾਏ। 20ਵੀਂ ਸਦੀ ਦੇ ਸੱਤਵੇਂ ਦਹਾਕੇ ਦੌਰਾਨ ਰਾਜਸਥਾਨ ਵਿੱਚ ਅਕਾਲ ਪੈ ਜਾਣ ਤੇ ਸ੍ਰੀ ਮਸਤਾਨ ਗੜ੍ਹ ਵਿਖੇ ਆਪਣਾ ਪੇਟ ਪਾਲਣ ਅਤੇ ਮਜ਼ਦੂਰੀ ਦੀ ਝਾਕ ਵਿੱਚ ਕਾਫ਼ੀ ਲੋਕ ਆਏ, ਪਰ ਇੱਥੇ ਐਨੇ ਜਿਆਦਾ ਲੋਕਾਂ ਵਾਸਤੇ ਕੰਮ ਅਤੇ ਸਾਧਨ ਨਾ ਹੋਣ ਕਰਕੇ ਪ੍ਰਬੰਧਕਾਂ ਨੇ ਸਤਿਗੁਰੂ ਜੀ ਕੋਲ ਉਨ੍ਹਾਂ ਲੋਕਾਂ ਨੂੰ ਕੱਢਣ ਵਾਸਤੇ ਅਰਜ਼ ਕੀਤੀ, ਪਰ ਸਤਿਗੁਰੂ ਜੀ ਨੇ ਹੁਕਮ ਕੀਤਾ ਕਿ ਇਹਨਾਂ ਲੋਕਾਂ ਵਾਸਤੇ ਜੇਕਰ ਕੰਮ ਨਹੀਂ ਤਾਂ ਇਨ੍ਹਾਂ ਨੂੰ ਵਿਹਲੇ ਬੈਠਿਆਂ ਨੂੰ ਲੰਗਰ ਪਾਣੀ ਅਤੇ ਬਣਦੀ ਮਜ਼ਦੂਰੀ ਦਿੱਤੀ ਜਾਵੇ, ਜੋ ਉਨ੍ਹਾਂ ਲੋਕਾਂ ਦੇ ਮਸਤਾਨ ਗੜ੍ਹ ਰਹਿਣ ਤਕ ਉਵੇਂ ਹੀ ਚੱਲਦਾ ਰਿਹਾ।

ਜਿਵੇਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਬੀੜ ਭਮਾਰਸੀ ਅਤੇ ਇਲਾਕਾ ਸ੍ਰੀ ਜੀਵਨ ਨਗਰ ਵਿੱਚ ਕਈ ਬੇਜ਼ਮੀਨੇ ਨਾਮਧਾਰੀ ਸਿੱਖਾਂ ਨੂੰ ਉਨ੍ਹਾਂ ਦੀ ਉਪਜੀਵਕਾ ਦੇ ਸਾਧਨ ਵਜੋਂ ਮੁਫ਼ਤ ਜ਼ਮੀਨ ਦਿੱਤੀ ਸੀ। ਉਵੇਂ ਹੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਇੱਛਾ ਵੀ ਬੇਜ਼ਮੀਨੇ ਨਾਮਧਾਰੀ ਸਿੱਖਾਂ ਨੂੰ ਜ਼ਮੀਨ ਦੇ ਕੇ ਉਨ੍ਹਾਂ ਦੇ ਮੁੜ ਵਸੇਬੇ ਵਾਸਤੇ ਇੰਤਜ਼ਾਮ ਕਰਨ ਦੀ ਸੀ। ਇਸ ਦੇ ਬਾਵਜੂਦ ਸਤਿਗੁਰੂ ਜੀ ਨੇ ਬਹੁਤ ਸਾਰੇ ਗ਼ਰੀਬ ਅਤੇ ਬੇਜ਼ਮੀਨੇ ਸਿੱਖਾਂ ਨੂੰ ਮਸਤਾਨ ਗੜ੍ਹ ਸ੍ਰੀ ਭੈਣੀ ਸਾਹਿਬ ਅਤੇ ਸ੍ਰੀ ਜੀਵਨ ਨਗਰ ਡੇਰੇ ਚੋਂ ਖੇਤੀ ਵਾਸਤੇ ਜ਼ਮੀਨ, ਚੰਗੇ ਪਸ਼ੂ ਅਤੇ ਹੋਰ ਸਾਧਨ ਵੀ ਪੱਕੇ ਤੌਰ ਤੇ ਮੁਹੱਈਆ ਕਰਵਾਏ ਤਾਂ ਜੋ ਉਹ ਸੇਵਾ ਦੇ ਨਾਲ-ਨਾਲ ਆਪਣੇ ਪਰਿਵਾਰਾਂ ਦਾ ਪਾਲਣ ਕਰ ਸਕਣ।

ਸਤਿਗੁਰੂ ਜੀ ਦੀਆਂ ਕੀਤੀਆਂ ਬਖ਼ਸ਼ਿਸ਼ਾਂ ਨੂੰ ਸ਼ਬਦਾਂ ਰਾਹੀਂ ਬਿਆਨ ਨਹੀਂ ਕੀਤਾ ਜਾ ਸਕਦਾ, ਪਰ ਫਿਰ ਵੀ ਕੁਝ ਪਹਿਲੂ ਅੱਜ ਦੇ ਬਦਲਦੇ ਦੌਰ ਵਿੱਚ ਸਾਧ ਸੰਗਤ ਤੇ ਨਵੀਂ ਆਉਣ ਵਾਲੀ ਪੀੜ੍ਹੀ ਨਾਲ ਸਾਂਝੇ ਕਰਨੇ ਜ਼ਰੂਰੀ ਹਨ ਤਾਂ ਕਿ ਅਸੀਂ ਸਤਿਗੁਰੂ ਜੀ ਦੀਆਂ ਕੀਤੀਆਂ ਰਹਿਮਤਾਂ ਨੂੰ ਯਾਦ ਰੱਖ ਸਕੀਏ।

**ਪਿੰਡ ਭੰਬੂਰ ਜ਼ਿਲ੍ਹਾ ਸਿਰਸਾ**
**ਨੰਬਰ: 92558-36763**

# ਬੀਤੇ ਦੀਆਂ ਪੈੜਾਂ- ਕਵੀ ਪ੍ਰੀਤਮ ਸਿੰਘ

## (ਅਣਛਪਿਆ-ਭਾਗ)

### (ਪਿਛਲੇ ਅੰਕ ਤੋਂ ਅੱਗੇ)

**ਸੇਠ ਜੀ ਦੇ ਬੰਗਲੇ –** ਜਾਣਕਾਰੀ ਲਈ : ਬੈਂਕੋਕ ਤੋਂ ਸਰਸਾ (ਹਰਿਆਣਾ) ਦਾ ਟੈਲੀਫੋਨ ਕੋਡ ਹੈ 01666 ਅਤੇ ਅੰਮ੍ਰਿਤਸਰ ਦਾ 183, ਲੁਧਿਆਣਾ ਦਾ 161। ਅੱਜ ਸ੍ਰੀ ਮਹਾਰਾਜ ਜੀ ਨਾਲ ਸੰਪਰਕ ਹਾਸਲ ਕਰਨ ਲਈ ਸਰਸੇ ਦੇ ਇਹਨਾਂ ਨੰਬਰਾਂ ਨੂੰ ਵੀ ਘੁਮਾਇਆ ਗਿਆ : 20928, 20691। ਜਾਪਦਾ ਹੈ, ਇਹ ਨੰਬਰ ਸਰਸੇ ਦੇ ਸੰਤ ਸੇਵਾ ਸਿੰਘ ਜੀ ਦੇ ਹੋਣਗੇ। ਇਸ ਕਾਰਜ ਲਈ ਸੱਚੇ ਪਾਤਸ਼ਾਹ ਜੀ ਡੇਰੇ ਆ ਕੇ ਸੇਠ ਤਰਲੋਕ ਸਿੰਘ ਜੀ ਦੇ ਕਮਰੇ ਵਿੱਚ ਪਧਾਰੇ। ਸ੍ਰੀ ਮਹਾਰਾਜ ਜੀ ਨੂੰ ਅਤੇ ਸੰਤ ਸੁਖਦੇਵ ਸਿੰਘ ਟ੍ਰੈਕਟਰ ਡਰਾਈਵਰ ਨੂੰ ਸਤਿਗੁਰੂ ਜੀ ਨੇ ਜੀਵਨ ਨਗਰੋਂ ਸਰਸੇ ਬੁਲਾ ਕੇ ਸੰਪਰਕ ਕਰਨਾ ਸੀ।

**ਸੁਖਬੀਰ ਹਿਤ ਬੇਨਤੀ –** ਸੱਚੇ ਪਾਤਸ਼ਾਹ ਪ੍ਰਸ਼ਾਦ ਛਕਣ ਲਈ ਇਸ਼ਨਾਨ ਕਰਨ ਲੱਗੇ, ਤਾਂ ਮੈਂ ਅਰਜ਼ ਕੀਤੀ : ਆਪ ਜੀ ਸੁਖਬੀਰ (ਮੇਰਾ ਛੋਟਾ ਪੁੱਤਰ) ਨਾਲ ਬੜੇ ਚਿਰ ਦਾ ਸਨੇਹ ਕਰਦੇ ਹੋ ਤੇ ਚਾਹੁੰਦੇ ਹੋ ਕਿ ਉਹ ਲੇਖਕ ਬਣ ਕੇ ਨਾਮਧਾਰੀ ਸਮਾਜ ਦੀ ਸੇਵਾ ਕਰੇ, ਪਰ ਉਹ ਚਾਹੁੰਦਾ ਹੈ ਕਿ ਮੈਂ ਹੋਰ ਕਾਰਜ ਕਰਕੇ ਸਤਿਗੁਰੂ ਜੀ ਦੇ ਕੰਮ ਆ ਸਕਾਂ, ਮੈਂ ਮੰਗਾਂ ਨਾ ਕੁਛ, ਜੋ ਹੋਵੇ ਤਿਲ ਫੁੱਲ ਭੇਟ ਕਰਾਂ। ਮੇਰੀ ਬੇਨਤੀ ਸੁਣ ਕੇ ਬਚਨ ਕੀਤਾ : ਉਸਦੀ ਭਾਵਨਾ ਬੜੀ ਸ਼ੁਭ ਹੈ। ਕੋਈ ਗੱਲ ਨਹੀਂ ਜਿਵੇਂ ਜੀ ਕਰਦਾ ਸੁ ਕਰੇ।

ਏਸ ਗੱਲ ਦੇ ਬਾਵਜੂਦ ਮੇਰਾ ਖਿਆਲ ਹੈ ਕਿ ਸੁਖਬੀਰ ਦੀ ਪੂਰੀ ਗੁਰੂ ਕੀ ਸੇਵਾ ਵਿੱਚ ਲੱਗਿਆਂ ਹੀ ਪਵੇਗੀ ਕਿਉਂਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਮੇਰੇ ਤੇ ਆਪਣਾ ਲੇਖਕ ਬਣਾਣ ਦੀ ਅੱਖ ਰੱਖੀ ਸੀ, 30 ਸਾਲ ਦੇਸ਼ ਭਗਤੀ ਦੇ ਕਾਰਜ ਕਰਕੇ ਅੰਤ ਨੂੰ ਮੈਨੂੰ ਗੁਰੂ ਕੀ ਸ਼ਰਨ ਆ ਲੇਖਕ ਦੇ ਕਾਰਜ ਹੀ ਕਰਨੇ ਪਏ।

ਸਤਿਗੁਰੂ ਜੀ ਦੇ ਲੰਗਰ ਵਿੱਚ - ਮੈਨੂੰ ਵੀ ਸ੍ਰੀ ਸਤਿਗੁਰੂ ਜੀ ਪਾਸ ਲੰਗਰ ਛਕਣ ਦਾ ਅਵਸਰ ਮਿਲਦਾ ਰਹਿੰਦਾ ਹੈ। ਸਤਿਗੁਰੂ ਜੀ ਦੇ ਬਿਰਾਜਣ ਕਮਰੇ ਦੇ ਨੇੜੇ ਕਰਕੇ ਹੀ ਲੰਗਰ ਛਕਣ ਦਾ ਕਮਰਾ ਹੈ। ਲੰਗਰ ਹੇਠੋਂ ਤਿਆਰ ਹੋ ਕੇ ਆਉਂਦਾ ਹੈ। ਉੱਪਰ ਕਮਰੇ ਨੂੰ ਸਿੱਧੀਆਂ ਪੌੜੀਆਂ ਹਨ। ਏਥੇ ਸਾਰੀ ਸਮੱਗਰੀ ਇੱਕ ਸੁੱਚੇ ਕੀਤੇ ਬੈਂਚ ਉੱਤੇ ਤਰਤੀਬਵਾਰ ਪਈ ਹੈ। ਬੇਬੇ ਦਲੀਪ ਕੌਰ ਜੀ ਸ੍ਰੀ ਸਤਿਗੁਰੂ ਜੀ ਦੀ ਚੌਂਕੀ ਕੋਲੇ ਬੈਠੇ ਰੁਮਾਲ ਨਾਲ ਮੱਖੀ-ਸ਼ੱਖੀ ਦਾ ਧਿਆਨ ਰੱਖ ਰਹੇ ਹਨ। ਬਖਸ਼ੀਸ਼ ਪਤਨੀ ਰਾਜ ਰੂਪ ਪ੍ਰਸ਼ਾਦ ਪਰੋਸ ਰਹੀ ਹੈ, ਅੱਜ ਹੀ ਸੋਧ ਰੱਖ ਕੇ ਬੀਬੀ ਰਾਜ ਰਤਨ ਸੁਪਤਨੀ ਸੁਵਰਗਵਾਸੀ ਸੇਠ ਅਵਤਾਰ ਸਿੰਘ ਸਚਦੇਵਾ ਲੰਗਰ ਕਰਕੇ ਲਿਆਈ ਹੈ, ਬੀਬੀ ਚਰਨਜੀਤ ਕੌਰ ਸੁਪਤਨੀ ਸ. ਅਵਤਾਰ ਸਿੰਘ ਗੋਰੋਵਾੜਾ, ਬੀਬੀ ਜਸਬੀਰ ਕੌਰ ਸੇਠ ਇੰਦਰ ਸਿੰਘ ਦੀ ਪਤਨੀ ਵੀ ਕੋਲ ਹਨ, ਬੀਬੀ ਮਹਿੰਦਰ ਕੌਰ ਗਿਆਨਣ ਅਤੇ ਦੋ ਚਾਰ ਹੋਰ ਬੀਬੀਆਂ ਵੀ ਹਾਜ਼ਰ ਹਨ।

ਇਸ ਵੇਲੇ ਗੁਰੂ ਕੀ ਹਜ਼ੂਰੀ ਵਿੱਚ ਹੋਰ ਪ੍ਰਸ਼ਾਦ ਛਕਣ ਵਾਲੇ ਹਨ- ਸੇਠ ਤਰਲੋਕ ਸਿੰਘ, ਸ਼੍ਰੀ ਹੰਸਪਾਲ ਐਮ. ਪੀ., ਸ਼੍ਰੀ ਐਸ. ਐਸ. ਮਨਚੰਦਾ, ਸ. ਅਵਤਾਰ ਸਿੰਘ ਘੁੰਮਣ, ਇਸਦੀ ਪਤਨੀ, ਸ. ਸੁਖਦੇਵ ਸਿੰਘ ਤੇ ਇਹਦੀ ਪਤਨੀ, ਸ. ਪ੍ਰਿਥੀਪਾਲ ਸਿੰਘ ਅਤੇ ਸ. ਸਤਪਾਲ ਸਿੰਘ।

**ਸੇਠ ਅਵਤਾਰ ਸਿੰਘ ਸਚਦੇਵ ਨਮਿੱਤ ਮੇਲਾ** - ਅੱਜ ਧਰਮਸਾਲਾ 55 ਵਿੱਚ ਬੀਬੀ ਮਹਿੰਦਰ ਕੌਰ ਸੇਠਣੀ ਦੇ ਵੱਡੇ ਭਾਈ, ਸੰਤ ਖਜ਼ਾਨ ਸਿੰਘ ਇਨਸਾਫ਼ ਦੇ ਵੱਡੇ ਸਪੁੱਤਰ ਸੁਵਰਗਵਾਸੀ ਸ. ਅਵਤਾਰ ਸਿੰਘ ਸਚਦੇਵ ਨਮਿਤ ਮੇਲਾ ਹੈ। ਦੋਵੇਂ ਭੈਣ ਭਰਾ ਪਿਛਲੇ ਸਾਲ ਅੱਗੜ-ਪਿੱਛੜ ਹੀ ਪ੍ਰਭੂ ਨੂੰ ਪਿਆਰੇ ਹੋ ਗਏ ਸਨ।

ਪਤਿਤ ਪਾਵਨ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਬੈਂਕੋਕ ਦੀ ਨਾਮਧਾਰੀ ਸੰਗਤ ਨੇ 5 ਤੋਂ 6 ਵਜੇ ਤੱਕ ਨਾਮ ਸਿਮਰਨ ਕੀਤਾ। ਜਦੋਂ ਸਮਾਪਤੀ ਦੀ ਅਰਦਾਸ ਨਰੂਲਾ ਜੀ ਨੇ ਕੀਤੀ ਤਾਂ ਗਿਆਨੀ ਹਰਬੰਸ ਸਿੰਘ ਜੀ ਮੰਚ ਉੱਪਰ ਆਏ। ਮਾਈਕ ਸਨਮੁਖ ਹੋਏ ਅਤੇ ਉਨ੍ਹਾਂ ਸ. ਹਰਵਿੰਦਰ ਸਿੰਘ ਹੰਸਪਾਲ ਐਮ. ਪੀ. ਦੀ ਦੋਬਾਰਾ ਚੋਣ ਤੇ ਸੁਆਗਤੀ ਐਡਰੈਸ ਪੜ੍ਹਿਆ।

ਤਕਰੀਰਾਂ, ਸਦ-ਉਪਦੇਸ਼ ਅਤੇ ਸ਼ਬਦ ਕੀਰਤਨ ਪਿੱਛੋਂ ਵੱਡੀ ਗਿਣਤੀ ਵਿੱਚ ਆਈ ਸੰਗਤ ਨੇ ਅੱਜ ਦਾ ਲੰਗਰ ਸੇਠ ਅਵਤਾਰ ਸਿੰਘ ਦੀ ਯਾਦ ਵਿੱਚ ਸੇਠ ਧਰਮ ਸਿੰਘ

(ਸਪੁੱਤਰ) ਸੇਠ ਜਸਪਾਲ ਸਿੰਘ (ਭਰਾ) ਅਤੇ ਸੇਠ ਜਗਤਾਰ ਸਿੰਘ ਵੱਲੋਂ ਤਿਆਰ ਕਰਵਾਇਆ ਛਕਿਆ।

ਜੀਵਨ ਨਗਰ ਇਲਾਕੇ ਵਿੱਚੋਂ ਦੋ ਵਿਅਕਤੀ ਹੋਰ ਅੱਜ ਆ ਗਏ। ਇਹਨਾਂ ਸ੍ਰੀ ਸਤਿਗੁਰੂ ਜੀ ਦੇ ਦੀਵਾਨ ਵਿੱਚ ਹੀ ਚਰਨ ਪਰਸੇ। ਇਹ ਸਨ : ਸ. ਖਜ਼ਾਨ ਸਿੰਘ ਖਾਰਾ ਨਾਈਵਾਲੇ ਤੋਂ ਅਤੇ ਇਸਦਾ ਸੰਬੰਧੀ ਸ. ਬਹਾਦਰ ਸਿੰਘ (ਰੁੜਕਾ, ਜ਼ਿਲ੍ਹਾ ਜਲੰਧਰ)। ਸ੍ਰੀ ਸਤਿਗੁਰੂ ਜੀ ਇਨ੍ਹਾਂ ਨੂੰ ਤੱਕ ਕੇ ਬਹੁਤ ਪ੍ਰਸੰਨ ਹੋਏ। ਇਹ ਆਪਣੇ ਖਰਚ 'ਤੇ ਹੀ ਪ੍ਰੋਗਰਾਮ 'ਤੇ ਆਏ ਸਨ।

## 16 ਸਤੰਬਰ 1986, ਮੰਗਲਵਾਰ
## ਬੈਂਕੋਕ, ਥਾਈਲੈਂਡ

**ਆਨੰਦ ਕਾਰਜ –** ਸੇਠ ਤਰਲੋਕ ਸਿੰਘ ਦੇ ਬੰਗਲੇ ਹੀ ਗੁਰੂ ਕੀ ਹਜ਼ੂਰੀ ਵਿੱਚ ਨਿਤ ਵਾਂਗ ਆਸਾ ਦੀ ਵਾਰ ਦਾ ਕੀਰਤਨ ਹੋਇਆ। ਪਰ ਅੱਜ ਥੋੜ੍ਹਾ ਹਟਵਾਂ ਹਵਨ ਭੀ ਹੋ ਰਿਹਾ ਸੀ, ਇਹ ਵੀ ਇੱਕ ਉਚੇਚੇ ਮੰਚ ਉੱਤੇ ਸੀ। ਹਵਨ ਕਰਤਾ ਸਨ : 1. ਸੰਤ ਬਿਅੰਤ ਸਿੰਘ ਸੋਖਲ 2. ਸੰਤ ਨਰਾਇਣ ਸਿੰਘ ਨਰੂਲਾ 3. ਸੰਤ ਸੰਤੋਖ ਸਿੰਘ ਸਾਜਨ 4. ਸੰਤ ਨਾਰਾਇਣ ਸਿੰਘ ਢੁਲਕਈਆ 5. ਸੰਤ ਅਮਰ ਸਿੰਘ ਗੁਲਾਟੀ 6. ਸੰਤ ਹਰੀ ਸਿੰਘ ਸੋਖਲ ਤੇ ਇੱਕ ਹੋਰ। ਇਹ ਹਵਨ ਆਨੰਦ ਕਾਰਜ ਕਰਨ ਵਾਸਤੇ ਸੀ।

5.30 ਵਜੇ ਸਵੇਰੇ ਸਾਧ ਸੰਗਤ ਵਿੱਚੋਂ ਉੱਠਕੇ ਦੋ ਨੌਜਵਾਨ ਹਵਨ ਕੁੰਡ ਦੁਆਲੇ ਗੱਡੀ ਗਈ ਵੇਦੀ ਦੇ ਪਾਸ ਵਿਛੇ ਬਸਤਰਾਂ 'ਤੇ ਆ ਬੈਠੇ। ਉਹਨਾਂ ਨੂੰ ਨਵੇਂ ਸਿਰਿਉਂ ਭਜਨ ਦੇ ਕੇ, ਅੰਮ੍ਰਿਤ ਛਕਾ ਦਿੱਤਾ ਗਿਆ ਤੇ ਇੰਜ ਹੀ ਦੋ ਮੁਟਿਆਰ ਬੀਬੀਆਂ ਆਪਣੇ-ਆਪਣੇ ਬਣਨ ਵਾਲੇ ਭਰਤਾ ਦੇ ਪਾਸ ਉਹਨਾਂ ਦੇ ਗਲਾਂ ਵਿੱਚ ਮਾਲਾ ਪਹਿਨਾ ਨਮਸਕਾਰ ਕਰਕੇ ਆ ਬੈਠੀਆਂ। ਇਨ੍ਹਾਂ ਨੂੰ ਵੀ ਭਜਨ ਅਤੇ ਅੰਮ੍ਰਿਤ ਦੀ ਦਾਤ ਮਿਲ ਗਈ।

5.40 ਤੇ ਆਸਾ ਦੀ ਵਾਰ ਦਾ ਭੋਗ ਪਿਆ ਤੇ ਤੁਰਤ ਪ੍ਰਕਾਸ਼ ਕੀਤੇ ਗਏ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਤੋਂ ਲਾਵਾਂ ਦੇ ਪਾਠ ਨਾਲ ਆਨੰਦ ਕਾਰਜ ਹੋ ਗਏ। ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਵਿਧੀ ਪੂਰਵਕ ਦੋ ਜੋੜਿਆਂ ਦੇ ਵਿਆਹ ਪਰਵਾਨ ਚੜ੍ਹੇ, ਇਹ ਜੋੜੇ ਸਨ :

1. ਸ੍ਰੀ ਨਾਨਕ ਸਿੰਘ ਸਪੁੱਤਰ ਸੰਤ ਬਲਕਾਰ ਸਿੰਘ ਸੰਤ ਨਗਰ, ਸਰਸਾ

ਬੀਬੀ ਕੰਵਲਜੀਤ ਕੌਰ ਸਪੁੱਤਰੀ ਸੰਤ ਅਵਤਾਰ ਸਿੰਘ ਨਰੂਲਾ।

2. ........................... ਸਪੁੱਤਰ ਸੰਤ ਹਰਜਿੰਦਰ ਸਿੰਘ ਖਾਣੀਜੌਂ

ਬੀਬੀ ਜਸਮੀਤ ਕੌਰ ਸਪੁੱਤਰੀ ਸੰਤ ਅਵਤਾਰ ਸਿੰਘ ਮੋਂਗਾ

ਏਸ ਖੁਸ਼ੀ ਵਿੱਚ 8 ਪਾਠਾਂ ਦੇ ਭੋਗ ਪਾਏ ਗਏ। ਸਾਰੀ ਕਾਰਵਾਈ 6.20 ਤੱਕ ਸਮਾਪਤ ਹੋ ਗਈ।

**ਚਰਨ ਪਾਉਣੇ –** ਏਥੋਂ ਜਲਦੀ ਹੀ ਪਿੱਛੋਂ ਸ੍ਰੀ ਸਤਿਗੁਰੂ ਜੀ ਨੇ ਆਪਣੇ ਹਜ਼ੂਰੀ ਸੇਵਕਾਂ ਨੂੰ ਨਾਲ ਲੈ ਸਾਧ ਸੰਗਤ ਦੇ ਘਰੀਂ ਚਰਨ ਪਾ ਕੇ ਉਸਦੀ ਮਨੋ ਕਾਮਨਾ ਪੂਰੀ ਕੀਤੀ।

ਅੱਜ ਵੀ ਪਹਿਲਾਂ ਵਾਲੇ ਬੈਂਕੋਕ ਦੇ ਸਿੱਖਾਂ ਨੇ ਆਪਣੀ ਮਾਟਾਡੋਰ 'ਤੇ ਪ੍ਰਬੰਧ-ਯੋਗਤਾ ਅਰਪਣ ਕੀਤੀ। ਹੇਠ ਲਿਖੇ ਅਨੁਸਾਰ ਚਰਨ ਪਾਏ–

1. ਸੰਤ ਅਵਤਾਰ ਸਿੰਘ ਗੋਰੋਵਾੜਾ ਗਲੀ ਛਾਈਬਾਫਿਕ 234/6

ਇਹਨਾਂ ਦੇ ਘਰੋਂ ਬੀਬੀ ਚਰਨਜੀਤ ਕੌਰ ਸਾਧ ਸੰਗਤ ਦੇ ਲੰਗਰ ਦੀ ਦਿਲੋਜਾਨ ਨਾਲ ਸੇਵਾ ਕਰਦੀ ਹੈ।

2. ਸੂਬਾ ਕਿਰਪਾਲ ਸਿੰਘ ਜੀ 234/9

3. ਸ. ਬਲਬੀਰ ਸਿੰਘ 7/25

ਪ੍ਰਤੀਤ ਹੁੰਦਾ ਹੈ ਇਸ ਘਰ ਦਾ ਮੁਖੀ ਉਪਜਾਊ ਕਾਰਜ ਨਹੀਂ ਕਰਦਾ। ਏਥੇ ਦਲਿੱਦਰ ਨਰਾਇਣ ਦੇ ਦਰਸ਼ਨ ਹੋਏ। ਬਲਬੀਰ ਸਿੰਘ (ਕੇਹਰ ਸਿੰਘ ਕੇਹਰ ਦਾ ਭਾਈ) ਉਹ ਤਾਂ ਘਰ ਨਹੀਂ ਸੀ। ਬੀਬੀ ਥਾਈਲੈਂਡ ਦੀ ਸਿਮਰਿਧੀ ਦੇ ਸਨਮੁਖ ਸਾਖਿਆਤ ਨਿਰਧਨਤਾ ਸੀ। ਉਸਨੇ ਸੱਚੇ ਪਾਤਸ਼ਾਹ ਜੀ ਅੱਗੇ ਅਰਜ਼ ਕੀਤੀ :

ਮਕਾਨ ਦੀ ਬੇਨਤੀ ਹੈ, ਧੀ ਵਿਆਹੁਣੀ ਹੈ, ਪੁੱਤਰ ਦਾ ਵਿਆਹ ਕਰਨਾ ਹੈ। ਸੱਚੇ ਪਾਤਸ਼ਾਹ ਜੀ ਮੇਰੇ ਤਾਂ ਤੁਸੀਂ ਹੀ ਹੋ।

4. ਸ. ਬਲਰਾਜ ਸਿੰਘ ਖਲੌਂਗ ਤਨ 403

5. ਸ. ਦਲਜੀਤ ਸਿੰਘ ਕੁਕਰੇਜਾ 419

6. ਸੇਠ ਬਚਿੱਤਰ ਸਿੰਘ, ਸੇਠ ਕਿਰਪਾਲ ਸਿੰਘ, ਸੇਠ ਸੁਖਦੇਵ ਸਿੰਘ, ਸੇਠ ਲਖਵਿੰਦਰ ਸਿੰਘ 393

7. ਸੇਠ ਦਲੀਪ ਸਿੰਘ ਗੋਰੋਵਾੜਾ ਦਾ ਦਫ਼ਤਰ

8. ਸ. ਅਰੂੜ ਸਿੰਘ ਬੁੱਧੀਰਾਜਾ

9. ਸ. ਗੁਰਮੀਤ ਸਿੰਘ ਗੰਭੀਰ

ਪ੍ਰੇਰਣਾ : ਦਾੜ੍ਹੀ ਕੱਟਣੀ ਛੱਡ ਦੇ।

**ਚਲਦਾ........**

# OUR MIRACULOUS JOURNEY

**Harjinder Kanwal (Coventry U.K.)**

This is a firsthand experience of my wife and myself, during our visit to India in the year 2020, where we were caught unaware in the life threatening grip of the Corona Virus.
The whole of India along with other countries of the world stood still with no flights, trains or any form of travel resources. It seemed as a holocaust was looming above and at any moment anything drastic could happen.

Friends refused to entertain their friends and relatives shirked to meet each other. The roads in India where millions thronged previously were completely deserted. All shops which used to be open till midnight were completely shut, and the only open for business were the shops selling essential products, where also the merchandise was running low with the dire needs of the public.

Every household need was in scarcity with rationing of the fundamental commodities. Our plight is during this difficult period and how with the grace of Sri Satguru Jagjit Singh Ji, we reached our home in England, is a journey full of miracles

Our miraculous journey to India began on the 8th of March 2020, when we boarded the Air India plane to New Delhi. Why I have used the word 'Miraculous', will be evident as the reader accompanies us on this journey.
We reached New Delhi the next morning at about 11 a.m. and after the usual immigration and covid 19 clearances, we caught a taxi to take us to our booked hotel in Tilak Nagar. On reaching the hotel, we found out that NRI'S(Non Resident Indians) and tourists were not to be allowed inside because of the threat of corona virus.

We tried a couple of more hotels but none of them would accept our clientele. By this time the taxi driver was getting frustrated as it was a prepaid taxi but I assured him that he will be paid handsomely for his extra time. Eventually we decided to go to a friend's house. We reached their house in Ramesh Nagar and told them about our ordeal at the hotels. Our friends invited us to stay with them as they had a spare bedroom. We paid off the taxi driver and settled in their house for that night.

We had booked a train to go to Punjab the next day in the afternoon at 4.30 p.m. We reached the New Delhi Rail Station at 3.30 pm and boarded the train- 'The Shatabdi' to take us to 'Phagwara', a four and half hour journey. The shatabdi is an excellent train with comfortable seats and serving really good snacks during the journey. We were in the first class coach where the service and snacks were a bit better than the other second class coaches. We reached Phagwara Jct. around 9 p.m. Our nephew was there to greet us and take us to his nearby village 'Gowaher'.

Next day, we hired a taxi to take us to Sri Bhaini Sahib, which is about 15 milesfrom Ludhiana on the Chandigarh Road. The conversation, we got a couple of phone calls from our friends and relatives (with whom we

were supposed to stay) , who told us that they were not in a position to accommodate us as all roads and lanes to their houses were barricaded by police and they were not allowing anybody to enter or come out. The hotels were out of question, as previously mentioned and were not entertaining any foreign lodgers, and now there was no taxi either as the previous one had departed. We were completely flabbergasted. We were in a deep shock and pondering on what to do next, when suddenly a car arrived and a young man got out and asked us about our predicament. We told him that we were unable to go to our friends or relatives and no hotel is willing to accommodate us. He said he will get usa hotel, which will cost 4000 rupees a night and he will charge 1000 rupees. We agreed and he took us to a nearby hotel in Mahipal Pur where he knew the management. The rooms were quite nice and neat with AC. We thanked the young man whose name is Chandra and took his contact number. This was our second miracle.

We were confined to our hotel room and for the next five/ six days that room served as our only recreational room with a telly and nothing else. The food served was of a poor quality and most of the ration in the hotel was getting scarce and further supplies were dwindling.

Anyway after some time we dared to come out of our room and lounged on the terrace. The situation all around was grim and we noticed from the terrace roof that all roads were completely deserted with an occasional Police siren going off. This was like a jail now. Meanwhile, we applied to the British High Commission for repatriation to U.K., and lodged our details with the Embassy in Delhi. There was nothing else we could do except wait and pray.

On the 1st April, I received a photo on my phone of Sri Satguru Jagjit Singh Ji, sent by Gursharan Singh Gushi. This photo of Satguru Ji, which replicated Guru Nanak in a divine blessing aura, hit me like a bolt of lightning and tears started flowing out of my eyes and from inside me a voice cried out to Satguru Ji to deliver us in this hour of need.

Looks like our prayers were answered and we got a phone callthenext morning on the 2nd April, that there was a flight to London early morning of the 3rd April and would we like to be on it? We Okayed the flight for which we were going to be charged 80000/- rupees each. We called Chandra again to take us to the airport as the hotel taxi driver was making some lame excuses to derive more money out of us.

Chandra drove us to the airport, where we were stopped at the entrance. We showed the Security Police the copy of the air tickets and they let us through. We copied the tickets on Chandra's phone so that his return journey would be trouble-free as there were a lot of Police check points, which were not allowing any unnecessary traffic. This was our third miracle.

We boarded the plane and it took off at the right time at 2 a.m. The plane was half full as distancing of one seat was in operation. We reached London about 7 a.m. in the morning. We were the ONLY 2 passengers who were occasion was the celebration of the 'Hola

Muhalla Purab', which is celebrated with great fervour and devotion under the divine presence and patronage of Sri Satguru Uday Singh Ji. We enjoyed the devotional music and 'parvachans' of holy saints for 2 days and on the third day we returned to the village.

We had booked train tickets to visit my sister and her sons at Raipur in Chhattisgarh on the 19th March. Prior to that, we visited the Golden Temple in Amritsar, Baba Bakala gurdwara near Kartarpur, Gurdwara Ber Sahib at Sultanpur Lodhi. This gurdwara is the most important gurdwara in the Sikh world, as Guru Nanak meditated here for over 18 years and it is here that he vanished in the River Vein and re-appeared after three days. It is believed that during that period He was enlightened in this visit to the abode of the ALL Mighty. His first words after his emergence were the Immortal Gurbani wording of the'Japji Sahib'. We also visited Kartarpur where an impressive 'Jang-e-Azadi'museum has been erected, honouring the freedom fighters of India. I would strongly recommend the visitors to Punjab not to miss this spectacular phenomenon. A full gallery is devoted to the Namdhari Shaheed Freedom movement and to Satguru Ram Singh Ji's revolutionary and divine life.

19th March, we boarded the train for a 30 hour, 1300 kilometre long journey to Raipur in Chhattisgarh. We reached the next day around 1.00 p.m. Our nephew was there to receive and take us to his lovely house. On the way we observed one 'bazaar' completely shut down, as it came to light, that a day earlier a girl was diagnosed with corona virus in that area. Some other bazaars were open but a day after on 21st March everything was under a strict lockdown and we were trapped in the house with nowhere to go or do.

Initially we had booked a sight-seeing tour to Udaipur and Mount Abu, but Rajasthan was the first state to apply the lockdown and ban all air and rail travel. We had no alternative but to stay in Raipur till the 29th March as all our air bookings were cancelled to Rajasthan. Came the 23rd March and there were rumours that ALL Air and Trains might be cancelled throughout the country. A voice from inside me made me decide that we will be better off going to Delhi so we booked a flight that very day for 7.30 p.m. for New Delhi. There were only 2 flights that day and we booked in the first flight, reaching the airport at 5 p.m. Our nephew stayed in the outside car park waiting for the flight to take off. After check in, while we were in the lounge, he rang and told us that ALL flights after this flight have been cancelled throughout India and we were 'lucky' to have boarded this last flight. I would like to mention here that air and rail transport to and from Raipur resumed after nearly 12 weeks. This was our first miracle.

We reached New Delhi around 9.30 p.m. The airport was in semi darkness and completely deserted. Outside the taxi stand was completely empty. A private taxi 'vallah' approached us and enquired where we wanted to go. To our reply that we wanted to go to Ramesh Nagar, the driver said that the cost would be 1700 rupees, when the usual rate is around 400 rupees. During this London bound, the rest were all Canadian passengers

who were in transit to Canada. The Heathrow airport was in semi darkness and deserted similar to the Delhi airport.

After immigration clearance, we were on our way out to the taxi stand, when we encountered a taxi driver displaying a placard with a name on it. We enquired from him about getting a taxi and he replied there were no taxis available unless it was booked in advance. He left us and went inside to collect his passenger. In the meantime I was trying to ring Uber taxis but my credit card had expired and during this period my phone battery also went dead.

We had no idea what further steps we could take as there was nobody around and we were shivering in the 4 degree English weather. Suddenly the taxi driver with the placard returned and enquired if we had found a taxi. To our negative reply, he said he would ring his company to find out if he could help. He asked our destination. We said Coventry and he was a bit surprised as this was London and Coventry was a long distance taxi ride but his company agreed and charged us £160, which we paid. We sat in his taxi and he dropped us in Coventry at 9.30.a.m. During the ride, we asked him what had happened to his client whose name was on the placard. He said his client's plane never arrived and he (the driver) was completely oblivious to this. We thanked him profusely and told him that he had come 'especially' for us as the answer to our prayers. This was our fourth miracle.

**CONCLUSION**

After reading the above narration, some readers might argue that these incidents were mere coincidental. Coincidences happen once or twice, not four or five times. Our flight from Delhi, where we were the only couple who was London bound is a miracle on its own as there were thousands of British Subjects stranded in Delhi, who were waiting for flights to repatriate them to U.K.

Here I would like to point out that repatriation flights from Delhi to U.K started after four to five weeks after our flight. The taxi drivers who met us at Delhi and Heathrow airports were also God sent.

The last but not least miracle is that we were not even charged for our seats by the airline, although they had taken our details. Repatriated passengers were charged three to four times the usual price of an air ticket. Now what would you call that?

Our Miraculous journey came to end with the grace and benevolence of Sri Satguru Jagjit Singh Ji, the Supreme one. There are no words in any dictionary to sing His praise and express our undying gratitude.

..................................................

**ਸਤਿਜੁਗ ਆਪ ਪੜ੍ਹੋ ਤੇ ਹੋਰਾਂ ਨੂੰ ਪੜ੍ਹਾਓ।**

# A Saga Of Sri Satguru Jagjit Singh Ji

- Dr. Sharada Jayagovind

Bibi Narinder Kaur, the eminent music teacher, recalls how when Patshah Ji visited Nairobi in 1965; the disciples requested:

"Patsha ji, we have heard that you are a treasurehouse of traditional music compositions and we wish to listen to you."

Patsha ji readily agreed and every evening music sessions were held at the homes of disciples. Patsha ji sang many compositions for them. He asked Narinder Kaur ji:

"Can we create an environment for music in Nairobi ?"

This question reveals that for Patsha ji music was a means of holding the *sangat* together and drawing them closer to God. Further, the 1960s were the time when the strong winds of Westernization were sweeping over the entire world and the youth was drawn to the culture of pop music and cinema. Patsha ji wished to pull the younger generation away from these influences and anchor them in the religious and cultural tradition of Bharat through Indian classical and devotional music.

With the efforts of Patsha ji, in 1970s, a large number of Namdhari youth took to classical music. In 1972, the Namdhari youth organized the first Satguru Partap Singh Sangeet Sammelan in Jammu. Patsha ji and Maharaj Bir Singh ji participated in it. Maharaj ji sang while Patsha ji played on the *Dilruba.* Maharaj Bir Singh ji told Patsha ji:

"It is good that the Namdhari boys of Jammu are holding the music *sammelan* but we should be organizing it on a large platform."

Patsha ji readily agreed and in 1973, Satguru Partap Singh Sangeet Sammelan was organized in Delhi. Many eminent musicians such as Ustad Amjad Ali Khan and Pandit Bhimsen Joshi performed at this event, which was a huge success.

Shri Jagdish Singh Namdhari Waryam ji, the eminent Namdhari writer, recalls the experiences of the group of young Namdhari musicians who travelled from Jammu to Delhi to

participate in the *sammelan.* The musicians were worried as they were coming to Delhi for the first time and did not know how to reach the venue. When the train arrived at the platform they spotted a white round turban in the crowd and felt happy. To their delight, they found more Namdharis on the platform. But they were elated when Patsha ji himself appeared on the scene with marigold garlands to welcome the Namdhari children who were to perform in the *sammelan*. One of the garlands broke and Patsha ji mended it and wound it round the neck of the child. It was this kind of gesture which made Patsha ji everybody's darling.

After the Delhi *sammelan,* there was no looking back. Satguru Partap Singh Sangeet Sammelan became an annual feature. In Delhi, they were held at Modern School and Kamani Auditorium. Later, these *sammelans* were held in Lucknow, Mumbai and Aurangabad.

Satguru Uday Singh ji recalls that the *sammelan* at Aurangabad was a week-long musical festival and the very best. Satguru Jagjit Singh ji and Maharaj Bir Singh ji would themselves perform at these *sammelans.* Artistes would vie with each other to participate in these music festivals. Music lovers from all over from all over the country were treated to free music and Namdhari hospitality in the form of food and sweets.

The Namdhari children performed so well in the *sammelans* that they left great artistes like Pandit Shiv Kumar Sharma, Ustad Amjad Ali Khan, Pandit Kishan Maharaj, Ustad Zakir Hussain, Pandit Hariprasad Chaurasia, Bismillah Khan and many more renowned artistes amazed. Many were impressed by the silent revolution in music which was taking place in the tiny town of Sri Bhaini Sahib.

Patsha ji and his young students of music stole the hearts of thousands by rendering rare compositions in *raags* which were so far unheard in the *sangeet sabhas.* The complex compositions in rare *taals* presented with ease and felicity by young children left the audience spellbound. Musicians such as Pandit Shiv Kumar Sharma and Pandit Hariprasad Chaurasia heard these compositions and told Satguru Jagjit Singh ji:

"You have worked magic with these children, please bless us also.”

Usatd Amjad Ali Khan was so impressed with one of the compositions of Patsha ji, set to a rare *taal,* that he requested Satguru to teach him this piece. Satguru ji recorded the composition and sent it to the artiste. Ustad Amjad Ali Khan rendered this piece at a concert in Calcutta and acknowledged his indebtedness to the Satguru.

**To be continued......**

# ਸੁੱਚੇ ਮੋਤੀ

## ਤਕਲੀਫ਼ਾਂ ਆਦਮੀ ਨੂੰ ਮਜ਼ਬੂਤ ਕਰਦੀਆਂ ਹਨ

2 ਫਰਵਰੀ 1979 ਨੂੰ ਲਖਨਊ ਵਿਖੇ ਧੰਜਲ ਪਰਿਵਾਰ ਨਾਲ ਗੱਲਬਾਤ ਕਰਦਿਆਂ ਸਤਿਗੁਰੂ ਜਗਜੀਤ ਸਿੰਘ ਜੀ ਨੇ ਬਚਨ ਕੀਤਾ : "ਤਕਲੀਫਾਂ ਵਿੱਚ ਰਹਿੰਦਿਆਂ ਬੰਦਾ ਸਟੀਲਡ (ਲੋਹੇ ਵਰਗਾ ਪੱਕਾ) ਹੋ ਜਾਂਦਾ ਹੈ। ਜਦੋਂ ਸਿੱਖ ਮੁਸ਼ਕਲਾਂ ਵਿੱਚ ਰਹਿੰਦੇ ਸਨ, ਉਹਨਾਂ ਦਾ ਚਰਿੱਤਰ ਉੱਚਾ ਸੀ। ਜਦੋਂ ਆਰਾਮ ਮਿਲ ਗਿਆ। ਚਰਿੱਤਰ ਭ੍ਰਿਸ਼ਟ ਹੋ ਗਏ। ਭਜਨ, ਬਾਣੀ, ਇਸ਼ਨਾਨ ਤਕਲੀਫਾਂ ਪੈਦਾ ਨਹੀਂ ਕਰਦੇ, ਤਕਲੀਫਾਂ ਘਟਾਂਦੇ ਹਨ।"

ਫਿਰ ਸਤਿਗੁਰਾਂ ਕੈਨੇਡਾ ਦੇ ਸੂਬਾ ਰੇਸ਼ਮ ਸਿੰਘ ਜੀ ਦੀ ਪਤਨੀ ਰਾਣੀ ਨੂੰ ਆਵਾਜ਼ ਦਿਵਾ ਕੇ ਉਹਦੇ ਛੋਟੇ ਛੋਟੇ ਬੱਚੇ ਮੰਗਵਾਏ ਜੋ ਮਸਾਂ 5 ਅਤੇ 7 ਸਾਲ ਦੇ ਸੀ। ਉਹਨਾਂ ਇਸ਼ਨਾਨ ਕੀਤਾ ਹੋਇਆ ਸੀ। ਮਾਂ ਸਮੇਤ ਬੱਚਿਆਂ ਨੇ ਆ ਕੇ ਚਰਨੀਂ ਹੱਥ ਲਾਇਆ।

ਸਤਿਗੁਰਾਂ ਧੰਜਲ ਪਰਵਾਰ ਨੂੰ ਦੱਸਿਆ- "ਇਹ ਬੱਚੇ ਕੈਨੇਡਾ ਦੀ ਸਰਦੀ ਵਿੱਚ ਵੀ ਨਿਤ ਸਵੇਰੇ ਉੱਠ ਇਸ਼ਨਾਨ ਕਰਦੇ ਹਨ। ਮਾਤਾ ਪਿਤਾ ਸੋਧ ਰੱਖਦੇ ਹਨ। ਮੈਨੂੰ ਉਸ ਵੇਲੇ ਬਹੁਤ ਖੁਸ਼ੀ ਹੋਈ ਜਦੋਂ ਕੈਨੇਡਾ ਵਿੱਚ ਮੈਂ ਆਪਣੇ ਪਿੱਛੇ 'ਪਿਤਾ ਜੀ' ਆਵਾਜ਼ ਸੁਣੀ। ਹੈਰਾਨ ਹੋਇਆ ਕਿ ਭਾਰਤ ਵਿੱਚ ਤਾਂ 'ਡੈਡੀ' ਆ ਗਿਆ ਹੈ। ਇਹ ਕੈਨੇਡਾ ਵਿੱਚ 'ਪਿਤਾ ਜੀ' ਕਹਿਣ ਵਾਲਾ ਕੌਣ ਹੈ! ਵੇਖਿਆ ਤਾਂ ਇਹੋ ਵੱਡਾ ਬੱਚਾ ਸੀ। ਇਹ ਸਭਿਅਤਾ ਨਾਲ ਪਿਆਰ ਸਦਕਾ ਹੀ ਹੈ।.... ਤਕਲੀਫ ਨੂੰ ਕਮਜ਼ੋਰੀ ਨ ਵਖਾਓ, ਜੇ ਉੱਪਰ ਚੜ੍ਹੋਗੇ ਤਾਂ ਤਕਲੀਫ ਥੱਲੇ ਆ ਜਾਏਗੀ, ਅਰਥਾਤ ਤਕਲੀਫ਼ਾਂ ਖ਼ਤਮ ਹੋ ਜਾਣਗੀਆਂ।"

## ਅਸੂਲਾਂ ਦਾ ਮੁੱਲ

ਲਖਨਊ ਵਿਖੇ 2 ਫਰਵਰੀ 1979 ਨੂੰ ਧੰਜਲ ਪਰਵਾਰ ਦੀ ਮੁਖੀ ਬੀਬੀ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੇ ਪੁਰਾਣੇ ਸੇਵਕ ਸੰਤ ਗੁਲਜ਼ਾਰ ਸਿੰਘ ਦੇ ਇੱਕ ਰਿਸ਼ਤੇਦਾਰ ਦੀ ਕਹਾਣੀ ਸੁਣਾਈ ਕਿ ਵਲਾਇਤ ਵਿੱਚ ਇੱਕ ਪਹਿਲਾਂ ਗਏ ਗੁਲਜ਼ਾਰ ਸਿੰਘ ਦੇ ਰਿਸ਼ਤੇਦਾਰ ਨੇ, ਸਿਰ ਮੁਨਾ ਕੇ ਇੱਕ ਫੈਕਟਰੀ ਵਿੱਚ ਨੌਕਰੀ ਹਾਸਲ ਕੀਤੀ, ਜਾਂ ਉਸਦਾ ਦੂਜਾ ਰਿਸ਼ਤੇਦਾਰ ਗਿਆ ਤਾਂ ਗੋਰੇ ਫੈਕਟਰੀ ਮੈਨੇਜਰ ਨੇ ਉਸ ਨੂੰ ਵੀ ਸਿਰ ਮੁਨਾ ਕੇ ਆਉਣ ਨੂੰ ਕਿਹਾ। ਪਰ ਉਸ ਦ੍ਰਿੜ ਆਦਮੀ ਨੇ ਇਨਕਾਰ ਕਰ ਦਿੱਤਾ। ਹਫ਼ਤੇ ਬਾਅਦ ਉਸੇ ਗੋਰੇ ਮੈਨੇਜਰ ਨੇ ਬੰਦਾ ਭੇਜਿਆ : "ਤੂੰ ਆ, ਸਾਨੂੰ ਤੇਰੇ ਕੇਸ ਪਰਵਾਨ ਹਨ।" ਉਸਨੂੰ ਅਸੂਲ ਦਾ ਪੱਕਾ ਬੰਦਾ ਸਮਝ ਕੇ ਇੱਕ ਪੌਂਡ ਵੱਧ ਉਜਰਤ ਦੇਣੀ ਮਨਜ਼ੂਰ ਕੀਤੀ। ਬੰਦੇ ਦਾ ਮੁੱਲ ਉਸਦੇ ਚੰਗੇ ਅਸੂਲਾਂ ਕਰਕੇ ਹੀ ਹੈ।

ਸਤਿਗੁਰੂ ਜੀ ਨੇ ਫੇਰ ਕੈਨੇਡਾ ਦੇ ਸੂਬਾ ਜੀ ਦੀ ਮਿਸਾਲ ਦਿੱਤੀ- "ਸੂਬਾ ਰੇਸ਼ਮ ਸਿੰਘ, ਇਹਨਾਂ ਬੱਚਿਆਂ ਦਾ ਪਿਤਾ, ਕੈਨੇਡਾ ਵਿੱਚ ਰਹਿੰਦਾ ਹੈ। ਨਾਮਧਾਰੀ ਪਹਿਰਾਵੇ ਵਿੱਚ ਹੀ ਫੈਕਟਰੀਆਂ ਵਿੱਚ ਕੰਮ ਕਰਦਾ ਹੈ। ਸਾਰੀ ਗੱਲ ਦ੍ਰਿੜਤਾ ਅਤੇ ਆਪਣੇ ਮਿਸ਼ਨ 'ਤੇ ਵਿਸ਼ਵਾਸ ਦੀ ਹੈ।"

**-ਕਵੀ ਪ੍ਰੀਤਮ ਸਿੰਘ**

**(ਬੀਤੇ ਦੀਆਂ ਪੈੜਾਂ 'ਚੋਂ)**

# ਕਾਵਿ-ਕਿਆਰੀ

## ਅਵਤਾਰ

ਪਿਤਾ ਗੁਰੂ ਪ੍ਰਤਾਪ ਸਿੰਘ ਮਾਤ ਭੁਪਿੰਦਰ ਕੌਰ।
ਪਾਵਨ ਭੈਣੀ ਸਾਹਿਬ ਦੀ ਇਸ ਧਰਤੀ ਦੇ ਠੌਰ।
ਜਨਮ ਲਿਆ ਜਗਜੀਤ ਨੇ ਜਿੱਤਣ ਦੇ ਲਈ ਜੱਗ।
ਮਹਿਕਾਂ ਭਰੀ ਸੁਹਾਵਣੀ ਪੌਣ ਪਈ ਸੀ ਵਗ।
ਬਾਈ ਨਵੰਬਰ ਆਖਦੇ ਸੋਮਵਾਰ ਦੇ ਵਾਰ।
ਉੱਨੀ ਸੌ ਵੀਹ ਈਸਵੀ ਧਾਰ ਲਿਆ ਅਵਤਾਰ।
ਸੀ ਉੱਨੀ ਸੌ ਬਿਕਰਮੀ ਸੱਤਰ ਤੇ ਸੱਤ ਜਾਣ।
ਤੇ ਮੱਘਰ ਦੀ ਅੱਠ ਨੂੰ ਆਏ ਜਗਤ ਜਗਾਣ।
ਹੋਈ ਖੁਸ਼ੀ ਬੇਅੰਤ ਜਾਂ ਜਾਪੇ ਖਿੜੀ ਬਸੰਤ।
ਨਾਮ ਪਿਆ ਫਿਰ ਆਪਦਾ ਏਸੇ ਲਈ ਬੇਅੰਤ।
ਨਾਨੀ ਮਾਤਾ ਰਾਮ ਕੌਰ ਦਿੱਤੀ ਗੁੜ੍ਹਤੀ ਆਪ।
ਨਾਮ ਰਾਮ ਮ੍ਰਿਗੇਸ਼ ਦਾ ਕਰਕੇ ਮੁੱਖੋਂ ਜਾਪ।
ਰਾਮ ਸਰੋਵਰ ਪਾਸ ਜਾ ਪਿੱਛੋਂ ਪੱਚੀ ਰੋਜ਼।
ਸੁੱਚ ਇਸ਼ਨਾਨ ਕਰਾ ਕੇ ਦੇ ਸੰਗਤ ਨੂੰ ਭੋਜ।
ਨਾਲੇ ਆਦਿ ਗ੍ਰੰਥ ਦਾ ਇੱਕ ਪਵਾ ਕੇ ਭੋਗ।
ਇਹ ਕੀਤੀ ਅਰਦਾਸ ਕਿ ਕਾਇਆ ਰਹੇ ਨਿਰੋਗ।
ਗੁਰੂ ਰਾਮ ਸਿੰਘ ਸਾਜਿਆ ਹੱਥੀਂ ਪੰਥ ਜਹਾਜ਼।
ਆਇਆ ਖੇਵਟ ਓਸ ਦਾ ਕਰਨ ਲਈ ਸ਼ੁਭ ਕਾਜ।
ਅੰਮ੍ਰਿਤ ਆਪ ਛਕਾ ਕੇ ਆਲਾ ਸਿੰਘ ਜੀ ਸੰਤ।
ਰਾਮ ਕੌਰ ਮਾਂ ਦੱਸਿਆ ਨਾਂ ਜਗਜੀਤ ਬੇਅੰਤ।
ਆਖਣ ਭੈਣੀ ਸਾਹਿਬ ਤੇ ਆਈ ਨਵੀਂ ਬਹਾਰ।
ਅੱਡੀ ਧਰਤ ਨਾ ਲਾਂਵਦੇ ਖੁਸ਼ੀ ਹੋਏ ਨਰ ਨਾਰ।
ਵਰਖਾ ਇੰਦਰਪੁਰੀ 'ਚੋਂ ਕੀਤੀ ਇੰਦਰ ਆਪ।
ਫੁੱਲ ਬਰਸਾਉਣ ਅਪੱਛਰਾਂ ਵੇਖ-ਵੇਖ ਪ੍ਰਤਾਪ।
ਹਰ ਕੋਈ ਏਦਾਂ ਆਖਦਾ ਪਾ ਮੁਖੜੇ ਤੇ ਝਾਤ।

**- ਲਖਵਿੰਦਰ ਸਿੰਘ ਬਾਜਵਾ**

# ਖ਼ਬਰਨਾਮਾ

## ਯਾਦਗਾਰੀ ਹੋ ਨਿੱਬੜਿਆ ਬਠਿੰਡਾ, ਮੋਗਾ, ਮੁਕਤਸਰ ਤੇ ਬਰਨਾਲੇ ਇਲਾਕੇ ਦਾ ਜਾਪ ਪ੍ਰਯੋਗ 2020

ਗਰੀਬ ਨਿਵਾਜ਼ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਬਖਸ਼ਿਸ਼ ਨਾਲ ਰਾਮਪੁਰਾ ਫੂਲ ਤੋਂ ਸ਼ੁਰੂ ਹੋ ਕੇ 50 ਪਿੰਡਾਂ ਵਿਚ ਸਮੂਹਿਕ ਰੂਪ ਵਿੱਚ ਪਹਿਲੀ ਵਾਰ ਇੱਕੋ ਗਰੁੱਪ ਦੀ ਰੋਜ਼ਾਨਾ ਹਾਜ਼ਰੀ ਰਾਹੀਂ ਜਪ ਪ੍ਰਯੋਗ ਹੋਇਆ। ਵਿੱਦਿਅਕ ਜਥਾ ਰਾਮਪੁਰਾ ਫੂਲ ਵੱਲੋਂ ਜਪ ਪ੍ਰਯੋਗ ਵਿੱਚ ਹਿੱਸਾ ਲੈਣ ਵਾਲੇ 43 ਪਿੰਡਾਂ ਸ਼ਹਿਰਾਂ ਦੇ ਲਗਭਗ 230 ਬੱਚਿਆਂ ਨੂੰ ਪਿੰਡ-ਪਿੰਡ ਜਾ ਕੇ ਸਨਮਾਨਿਤ ਕੀਤਾ ਗਿਆ। ਸਨਮਾਨ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ 100 ਸਾਲਾ ਪ੍ਰਕਾਸ਼ ਸ਼ਤਾਬਦੀ ਨੂੰ ਸਮਰਪਿਤ ਸਨਮਾਨ ਚਿੰਨ੍ਹ, ਹਾਜ਼ਰਾ ਹਜ਼ੂਰ ਸੱਚੇ ਪਾਤਸ਼ਾਹ ਜੀ ਵਾਲੋਂ ਆਸ਼ੀਰਵਾਦ ਵਜੋਂ ਨਾਮਧਾਰੀ ਨਿੱਤਨੇਮ ਸਟੀਕ, ਆਸਣ ਅਤੇ ਮਾਲਾ ਦੇ ਕੇ ਸਨਮਾਨ ਕੀਤਾ ਗਿਆ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਮਨਮੋਹਕ ਕੈਲੰਡਰ 2020, ਸਤਿਜੁਗ ਦਾ 100 ਸਾਲਾ ਪ੍ਰਕਾਸ਼ ਸ਼ਤਾਬਦੀ ਨੂੰ ਸਮਰਪਿਤ ਅੰਕ ਅਤੇ ਛੋਟੇ ਬੱਚਿਆਂ ਨੂੰ ਧਾਰਮਿਕ ਗਿਆਨ ਦੀਆਂ ਪੁਸਤਕਾਂ ਵੰਡ ਕੇ ਸਮੁੱਚੀ ਸੰਗਤ ਨੂੰ ਸਤਿਜੁਗ ਪੜ੍ਹਨ ਲਈ ਪ੍ਰੇਰਿਤ ਕੀਤਾ ਗਿਆ। ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀਆਂ ਅਪਾਰ ਬਖਸ਼ਿਸ਼ਾਂ ਸਦਕਾ ਮਾਲਵਾ ਇਲਾਕੇ ਦੇ ਚਾਰ ਜ਼ਿਲ੍ਹਿਆਂ ਬਠਿੰਡਾ, ਮੋਗਾ, ਬਰਨਾਲਾ, ਸ੍ਰੀ ਮੁਕਤਸਰ ਸਾਹਿਬ ਵਿੱਚ ਸਮੂਹਿਕ ਰੂਪ ਵਿੱਚ ਸਾਲ 2020 ਦਾ ਜਪ ਪ੍ਰਯੋਗ ਬਹੁਤ ਹੀ ਉਤਸ਼ਾਹ ਨਾਲ ਹੋਇਆ ਅਤੇ ਯਾਦਗਾਰੀ ਹੋ ਨਿਬੜਿਆ। ਇਸ ਵਾਰ ਜਪ ਪ੍ਰਯੋਗ ਦੀ ਆਨਲਾਇਨ ਹਾਜ਼ਰੀ ਵਿੱਦਿਅਕ ਜਥਾ ਰਾਮਪੁਰਾ ਫੂਲ ਦੀ ਪ੍ਰਧਾਨ ਬੀਬੀ ਰਜਵੰਤ ਕੌਰ ਦੇ ਸਪੁੱਤਰ ਲੱਖਾ ਸਿੰਘ ਲਾਉਂਦੇ ਰਹੇ।

### ਰਾਮਪੁਰਾ ਫੂਲ

ਗ਼ਰੀਬ ਨਿਵਾਜ਼ ਜੀ ਦੀ ਅਪਾਰ ਬਖਸ਼ਿਸ਼ ਕਿਰਪਾ ਸਦਕਾ ਪਿਛਲੇ ਸਾਲਾਂ ਦੀ ਤਰ੍ਹਾਂ ਇਸ ਸਾਲ ਦਾ ਜਪ ਪ੍ਰਯੋਗ ਸਮੂਹਿਕ ਰੂਪ ਵਿੱਚ ਸ਼ਹੀਦੀ ਸਮਾਰਕ ਰਾਮਪੁਰਾ ਫੂਲ ਵਿਖੇ ਹੋਇਆ। 36 ਦਿਨ ਚੱਲੇ ਇਸ ਸਮਾਗਮ ਵਿੱਚ 4:30 ਵਜੇ ਤੋਂ 6:00 ਵਜੇ ਤੱਕ ਨਾਮ ਸਿਮਰਨ ਹੁੰਦਾ ਰਿਹਾ। ਵੱਖ-ਵੱਖ ਦਿਨਾਂ ਵਿੱਚ ਨੌਜਵਾਨਾਂ ਵਲੋਂ ਆਸਾ ਦੀ ਵਾਰ ਦਾ ਕੀਰਤਨ, ਹੱਲੇ ਦੇ ਦੀਵਾਨ, ਕਵੀਸ਼ਰੀ, ਕਵਿਤਾਵਾਂ, ਭਾਸ਼ਣ ਤੇ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਸਾਖੀਆਂ ਸੁਣਾਈਆਂ ਜਾਂਦੀਆਂ ਰਹੀਆਂ। ਨਾਮਧਾਰੀ ਵਿੱਦਿਅਕ ਜੱਥੇ ਦੇ ਨੌਜਵਾਨ ਸੰਗੀਤ ਅਧਿਆਪਕ ਗੁਰਭਜਨ ਸਿੰਘ ਅਤੇ ਸੰਗੀਤ ਅਧਿਆਪਿਕਾ ਜਸਵੀਰ ਕੌਰ ਵੱਲੋਂ ਨੌਜਵਾਨ ਅਤੇ ਬੱਚੇ-ਬੱਚੀਆਂ ਨੂਮ ਹਰ ਰੋਜ਼ ਤਿਆਰੀ ਕਰਵਾਕੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ 100 ਸਾਲਾ ਪ੍ਰਕਾਸ਼ ਸਤਾਬਦੀ ਨੂੰ ਸਮਰਪਿਤ ਕਾਲਸੀਕਲ ਰਾਗਾਂ ਵਿੱਚ ਸ਼ਬਦ ਗਾਇਨ ਕੀਤਾ ਜਾਂਦਾ ਰਿਹਾ। ਬੱਣਿਆਂ ਨੂੰ ਗੁਰਮਤਿ ਨਾਲ ਕੋੜਨ ਦੇ ਉਪਰਾਲੇ ਸਮੁੱਚੀ ਸੰਗਤ ਵਲੋਂ ਜਾਰੀ ਰਹੇ।

ਰਾਮਪੁਰਾ ਫੂਲ ਦੀ ਸੰਗਤ ਵੱਲੋਂ ਬੱਚਿਆਂ ਅੰਦਰ ਰਾਗ ਦੀ ਖੁਸ਼ਬੋ ਫੈਲਾਉਣ ਵਾਲੀ ਦੰਪਤੀ ਗੁਰਭਗਤ ਸਿੰਘ ਅਤੇ ਜਸਵੀਰ ਕੌਰ ਨੂੰ ਉਚੇਚੇ ਤੌਰ ਤੇ ਸਨਮਾਨਿਤ ਕੀਤਾ ਗਿਆ। ਜਪ ਪ੍ਰਯੋਗ ਵਿੱਚ ਹਿੱਸਾ ਲੈਣ ਵਾਲੇ ਸਾਰੇ ਹੀ ਬੱਚਿਆਂ ਨੂੰ 100 ਸਾਲਾ ਪ੍ਰਕਾਸ਼ ਸਤਾਬਦੀ ਨੂੰ ਸਮਰਪਿਤ ਸਨਮਾਨ ਚਿੰਨ੍ਹ ਗੁਰਬਾਣੀ ਦੇ ਅਦਬ ਨੂੰ ਸਮਝਣ ਵਾਲੇ ਬੱਚਿਆਂ ਨੂੰ ਨਾਮਧਾਰੀ ਨਿੱਤਨੇਮ ਸਟੀਕ ਦੀ ਪੋਥੀ ਦੇ ਕੇ ਸਨਮਾਨਿਤ ਕੀਤਾ ਗਿਆ। ਸਟੇਜ ਸੰਚਾਲਨ ਦੀ ਜ਼ਿੰਮੇਵਾਰੀ ਜਸਪ੍ਰੀਤ ਕੌਰ ਨੇ ਸੰਭਾਲੀ। ਸਮਾਗਮ ਦੀ ਸਮਾਪਤੀ 11 ਅਕਤੂਬਰ ਨੂੰ ਹੋਈ।

### ਸੈਦੋਕੇ (ਮੋਗਾ)

ਸੈਦੋਕੇ- ਪਿੰਡ ਸੈਦੋਕੇ ਸੂਬਾ ਮਾਨ ਸਿੰਘ ਜੀ ਦਾ ਪਿੰਡ ਹੈ ਜਿੰਨ੍ਹਾਂ ਨੇ ਸਤਿਗੁਰੂ ਰਾਮ ਸਿੰਘ ਜੀ ਵੱਲੋਂ ਆਰੰਭੇ ਆਜ਼ਾਦੀ ਸੰਗਰਾਮ ਕੂਕਾ ਅੰਦੋਲਨ ਵਿੱਚ ਭਾਰਤ ਦੀ ਆਜ਼ਾਦੀ ਲਈ ਸ਼ਹਾਦਤ ਦਿੱਤੀ। ਸ਼ਹੀਦ ਸੂਬਾ ਮਾਨ ਸਿੰਘ ਦੇ ਯਾਦਗਾਰੀ ਸਥਾਨ ਤੇ ਸਮੂਹਿਕ ਰੂਪ ਵਿੱਚ ਜਪ ਪ੍ਰਯੋਗ ਹੋਇਆ ਜਿਸਦੀ ਗਿਣਤੀ 50 ਤੋਂ 70 ਦੇ ਵਿਚਕਾਰ ਰਹੀ। ਸਮਾਗਮ ਦੇ ਆਖਰੀ ਦਿਨਾਂ ਵਿਚ ਵਿੱਦਿਅਕ ਜਥਾ ਰਾਮਪੁਰਾ ਫੂਲ ਵੱਲੋਂ ਬੀਬੀ ਰਾਜਵੰਤ ਕੌਰ, ਪ੍ਰਦੀਪ ਕੌਰ, ਲੱਖਾ ਸਿੰਘ, ਸੰਤ ਸਿੰਘ ਵੱਲੋਂ ਭਾਈ ਰੂਪੇ ਇਕ ਬੱਚੀ ਨੂੰ ਸਨਮਾਨ ਦੇਣ ਤੋਂ ਬਾਅਦ ਸੈਦੋਕੇ ਵਿਖੇ ਸੂਬਾ ਸਮਿੰਦਰ ਸਿੰਘ ਦੀ ਰਹਿਨੁਮਾਈ ਹੇਠ ਬੱਚਿਆਂ ਨੂੰ ਸਨਮਾਨਿਤ ਕੀਤਾ ਗਿਆ। ਕੈਲੰਡਰ ਵੀ ਵੰਡੇ ਗਏ ਅਤੇ ਸਤਿਜੁਗ ਨੂੰ ਘਰ-ਘਰ ਲਗਾਉਣ ਅਤੇ ਪੜ੍ਹਨ ਲਈ ਵੀ ਬੇਨਤੀ ਕੀਤੀ ਗਈ।

**ਤਖ਼ਤੂਪੁਰਾ-** ਇਹ ਮੋਗੇ ਜ਼ਿਲ੍ਹੇ ਦਾ ਇਤਿਹਾਸਕ

ਪਿੰਡ ਹੈ। ਇਸ ਪਿੰਡ ਵਿੱਚ 10 ਅਕਤੂਬਰ ਨੂੰ ਸੰਤ ਹਰਮੇਲ ਸਿੰਘ ਜੀ ਦੇ ਗ੍ਰਹਿ ਵਿਖੇ ਜਪ ਪ੍ਰਯੋਗ ਵਿੱਚ ਹਿੱਸਾ ਲੈਣ ਵਾਲੇ ਬੱਚਿਆਂ ਨੂੰ ਸੂਬਾ ਸਮਿੰਦਰ ਸਿੰਘ, ਬੇਅੰਤ ਸਿੰਘ, ਪ੍ਰਦੀਪ ਸਿੰਘ ਤੇ ਰਾਜਵੰਤ ਕੌਰ ਵੱਲੋਂ ਸਨਮਾਨ ਦਿੱਤਾ ਗਿਆ। ਗੁਰਵਿੰਦਰ ਸਿੰਘ ਨੇ ਵਿਸ਼ੇਸ਼ ਸਹਿਯੋਗ ਦਿੱਤਾ। ਸੰਗਤ ਨੂੰ ਸਤਿਜੁਗ ਪੜ੍ਹਨ ਲਈ ਬੇਨਤੀ ਕੀਤੀ ਗਈ ਅਤੇ 2020 ਦੇ ਸਤਿਜੁਗ ਦੇ ਕੈਲੰਡਰ ਵੀ ਵੰਡੇ ਗਏ। ਇਸੇ ਹੀ ਦਿਨ ਜ਼ਿਲ੍ਹਾ ਮੋਗਾ ਦੇ ਚੋਟੀਆਂ ਪਿੰਡ ਦੇ ਨੌਜਵਾਨ ਅਤੇ ਬੱਚਿਆਂ ਨੂੰ ਮਾਨ ਸਨਮਾਨ ਦਿੱਤਾ ਗਿਆ।

### ਜ਼ਿਲ੍ਹਾ- ਬਠਿੰਡਾ

ਬਠਿੰਡਾ, ਘਣੀਆਂ, ਬੁਰਜ ਥਰੋੜ, ਗੁਰੂ ਕਾ ਕੋਠਾ ਤੇ ਪਿੰਡ ਭਗਤਾ ਦੀ ਜਪੁ ਪ੍ਰਯੋਗ ਵਿੱਚ ਬੈਠਣ ਲਈ ਉਤਸ਼ਾਹਿਤ ਕਰਨ ਅਤੇ ਹਾਜ਼ਰੀ ਲਗਾਉਣ ਦੀ ਜ਼ਿੰਮੇਵਾਰੀ ਨਾਮਧਾਰੀ ਸੰਗਤ ਬਠਿੰਡਾ ਦੇ ਪ੍ਰਧਾਨ ਰਣਜੀਤ ਸਿੰਘ ਮੰਨਣ ਨੇ ਸੰਭਾਲੀ। ਰਾਮਪੁਰਾ ਫੂਲ ਦੇ ਵਿੱਦਿਅਕ ਜਥੇ ਦੇ ਬੀਬੀ ਰਜਵੰਤ ਕੌਰ, ਸਿਮਰਨ ਕੌਰ, ਲੱਖਾ ਸਿੰਘ ਵੱਲੋਂ ਸੰਤ ਰਣਜੀਤ ਸਿੰਘ ਦੀ ਅਗਵਾਈ ਵਿੱਚ ਪਿੰਡ-ਪਿੰਡ ਜਾ ਕੇ ਸਨਮਾਨ ਦਿੱਤੇ ਗਏ। ਬਠਿੰਡਾ, ਬੁਰਜ ਥਰੋੜ, ਗੁਰੂ ਕਾ ਕੋਠਾ ਵਿਖੇ ਘਰ-ਘਰ ਜਾ ਕੇ ਬੱਚਿਆਂ ਨੂੰ ਮਿਲਿਆ ਗਿਆ ਅਤੇ ਘਣੀਆਂ ਵਿਖੇ ਸਰਦਾਰ ਹਰਚੰਦ ਸਿੰਘ ਸਿੱਧੂ ਦੇ ਇਕੋ ਘਰ ਵਿਚ ਸੰਗਤ ਸਮੂਹਿਕ ਰੂਪ ਵਿੱਚ ਇਕੱਤਰ ਸੀ। ਨਾਮ ਸਿਮਰਨ ਵਿੱਚ ਬੈਠਣ ਵਾਲੇ ਬੱਚਿਆਂ ਦਾ ਅਤੇ ਉਹਨਾਂ ਦੇ ਮਾਪਿਆਂ ਦਾ ਧੰਨਵਾਦ ਵੀ ਕੀਤਾ ਗਿਆ ਤੇ ਸਨਮਾਨ ਚਿੰਨ੍ਹ ਵੀ ਵੰਡੇ ਗਏ ਅਤੇ ਯੋਗ ਬੱਚਿਆਂ ਨੂੰ ਨਾਮਧਾਰੀ ਨਿਤਨੇਮ ਸਟੀਕ ਵੀ ਦਿੱਤਾ ਗਈ। ਗੁਰੂ ਨਾਨਕ ਦੇ ਦਿੱਤੇ ਨਾਮ ਦੀ ਮਹੱਤਤਾ ਬਾਰੇ ਚਾਨਣਾ ਪਾਇਆ ਗਿਆ।

ਇਸੇ ਦਿਨ 12 ਅਕਤੂਬਰ ਨੂੰ ਹੀ ਸੂਬਾ ਇੰਦਰਜੀਤ ਸਿੰਘ ਭਗਤਾ ਜੀ ਦੇ ਗ੍ਰਹਿ ਵਿਖੇ ਨਾਮ ਸਿਮਰਨ ਕਰਨ ਵਾਲੇ ਬੱਚਿਆਂ ਨੂੰ ਸਨਮਾਨ ਦਿੱਤੇ ਗਏ। ਸੂਬਾ ਜੀ ਨੇ ਗੁਰੂ ਘਰ ਦੀਆਂ ਹੱਡ ਬੀਤੀਆਂ ਸਾਖੀਆਂ ਵੀ ਸੁਣਾਈਆਂ।

### ਪਿੰਡ ਫੂਲੇਵਾਲਾ ਜ਼ਿਲ੍ਹਾ ਮੁਕਤਸਰ

ਪਿੰਡ ਫੂਲੇਵਾਲਾ ਜ਼ਿਲ੍ਹਾ ਮੁਕਤਸਰ ਦਾ ਇੱਕ ਇਤਿਹਾਸਕ ਪਿੰਡ ਹੈ। ਦੇਸ਼ ਦੀ ਆਜ਼ਾਦੀ ਲਈ ਸਤਿਗੁਰੂ ਰਾਮ ਸਿੰਘ ਜੀ ਦੇ ਕੂਕਾ ਸੰਗਰਾਮ ਵਿਚ ਸ਼ਹਾਦਤ ਦੇਣ ਵਾਲੇ ਸ਼ਹੀਦ ਬਾਬਾ ਮਲੂਕ ਸਿੰਘ ਇਸੇ ਪਿੰਡ ਦੇ ਸਨ। ਸ਼ਹੀਦ ਬਾਬਾ ਮਲੂਕ ਸਿੰਘ ਜੀ ਦੀ ਯਾਦ ਨੂੰ ਸਮਰਪਿਤ ਪਿੰਡ ਦੇ ਬਾਹਰਵਾਰ ਇਕ ਗੁਰਦੁਆਰਾ ਸਾਹਿਬ ਬਣਿਆ ਹੋਇਆ ਹੈ। ਦਹਾਕਿਆਂ ਤੋਂ ਇੱਥੇ ਗੁਰਦੁਆਰਾ ਸਾਹਿਬ ਬੇ-ਆਬਾਦ ਪਿਆ ਸੀ। ਹਾਜ਼ਰਾ ਹਜ਼ੂਰ ਸਤਿਗੁਰੂ ਉਦੇ ਸਿੰਘ ਜੀ ਦੀ ਬਖਸ਼ਿਸ਼ ਨਾਲ ਫਿਰ ਤੋਂ ਬਸੰਤ ਬਹਾਰ ਆ ਗਈ ਹੈ। ਇਸ ਵਰ੍ਹੇ ਪਹਿਲੀ ਵਾਰ ਇਸ ਸਥਾਨ ਤੇ ਜਪ ਪ੍ਰਯੋਗ ਹੋਇਆ ਹੈ। ਜਪ ਪ੍ਰਯੋਗ ਵਿਚ ਆਉਣ ਵਾਲੀ ਸੰਗਤ ਦੀ ਗਿਣਤੀ 30 ਤੋਂ ਵੱਧਦੀ-ਵੱਧਦੀ 90 ਤੱਕ ਪਹੁੰਚ ਗਈ। ਜਪ ਪ੍ਰਯੋਗ ਵਿੱਚ ਬੈਠਣ ਵਾਲੇ ਲਗਭਗ ਸਾਰੇ ਹੀ ਭਾਈ ਅਤੇ ਨੌਜਵਾਨ ਅਜੇ ਕੇਸਾਧਾਰੀ ਵੀ ਨਹੀਂ ਹਨ। ਪਾਤਸ਼ਾਹ ਜੀ ਨੇ ਇੱਥੇ ਨਾਮਧਾਰੀ ਗ੍ਰੰਥੀ ਸੰਤ ਬੂਟਾ ਸਿੰਘ ਨੂੰ ਭੇਜਿਆ ਹੈ। ਜਪ ਪ੍ਰਯੋਗ ਦੀ ਸਮਾਪਤੀ ਸਮੇਂ 13 ਅਕਤੂਬਰ ਨੂੰ ਰਾਮਪੁਰਾ ਫੂਲ ਵਿੱਦਿਅਕ ਜਥੇ ਦੀ ਟੀਮ ਸੰਤ ਰਣਜੀਤ ਸਿੰਘ ਮੰਨਣ, ਸੂਬਾ ਸਰਬਜੀਤ ਸਿੰਘ ਮਲੋਟ, ਗੁਰਪ੍ਰੀਤ ਸਿੰਘ ਛਾਪਿਆਂ ਵਾਲੀ ਉਚੇਚੇ ਤੌਰ 'ਤੇ ਪਹੁੰਚੇ। ਸੰਤ ਬੂਟਾ ਸਿੰਘ ਨੇ ਕਥਾ ਕੀਤੀ। ਲਖਵੀਰ ਸਿੰਘ ਨੇ ਸਤਿਗੁਰਾਂ ਦੀਆਂ ਸਾਖੀਆਂ ਸੁਣਾਈਆਂ ਸੂਬਾ ਸਰਬਜੀਤ ਸਿੰਘ ਨੇ ਵੀ ਸੰਬੋਧਨ ਕੀਤਾ ਅਤੇ ਜਪ ਪ੍ਰਯੋਗ ਵਿੱਚ ਹਿੱਸਾ ਲੈਣ ਵਾਲੇ ਨੌਜਵਾਨਾਂ ਅਤੇ ਬੱਚਿਆਂ ਨੂੰ ਸਨਮਾਨ ਚਿੰਨ੍ਹ, ਮਾਲਾ ਅਤੇ ਆਸਣ ਦੇ ਕੇ ਸਨਮਾਨਿਤ ਕੀਤਾ ਗਿਆ। ਸਤਿਜੁਗ ਪੜ੍ਹਨ ਬਾਰੇ ਵੀ ਗੱਲਬਾਤ ਹੋਈ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਤਸਵੀਰ ਵਾਲੇ ਕੈਲੰਡਰ ਵੀ ਵੰਡੇ ਗਏ। ਸੂਬਾ ਸਰਬਜੀਤ ਸਿੰਘ ਵੱਲੋਂ 16 ਪ੍ਰਾਣੀਆਂ ਨੂੰ ਭਜਨ ਦਿੱਤਾ ਗਿਆ। ਫੂਲੇਵਾਲਾ ਦੇ ਦਾਰਾ ਸਿੰਘ ਅਤੇ ਪਿੰਡ ਵਾਸੀਆਂ ਨੇ ਪੂਰਨ ਸਹਿਯੋਗ ਦਿੱਤਾ।

### ਪਿੰਡ ਦੂਹੇਵਾਲਾ, ਅਬੁਲਖੁਰਾਣਾ, ਛਾਪਿਆਂ ਵਾਲੀ, ਘੁਮਿਆਰਾ ਖੇੜਾ

13 ਅਕਤੂਬਰ ਨੂੰ ਸੂਬਾ ਸਰਬਜੀਤ ਸਿੰਘ ਜੀ ਦੀ ਅਗਵਾਈ ਵਿੱਚ ਨਾਮਧਾਰੀ ਵਿੱਦਿਅਕ ਜਥਾ ਰਾਮਪੁਰਾ ਫੂਲ ਦੀ ਟੀਮ ਵੱਲੋਂ ਸਾਰੇ ਪਿੰਡਾਂ ਵਿੱਚ ਜਾ ਕੇ ਬੱਚਿਆਂ ਦਾ ਅਤੇ ਉਨ੍ਹਾਂ ਦੇ ਮਾਪਿਆਂ ਦਾ ਧੰਨਵਾਦ ਕੀਤਾ ਗਿਆ। ਬੱਚਿਆਂ ਨੂੰ ਸਨਮਾਨ ਚਿੰਨ੍ਹ, ਨਾਮਧਾਰੀ ਨਿੱਤਨੇਮ ਸਟੀਕ, ਆਸਣ, ਮਾਲਾ, ਧਾਰਮਿਕ ਪੁਸਤਕਾਂ ਦੇ ਕੇ ਸਨਮਾਨਿਤ ਕੀਤਾ ਗਿਆ। ਸਤਿਜੁਗ ਦੇ ਅੰਕ ਅਤੇ ਕੈਲੰਡਰ ਵੀ ਵੰਡੇ ਗਏ ਤੇ ਸਤਿਜੁਗ ਪੜ੍ਹਨ ਲਈ ਵੀ ਪ੍ਰੇਰਿਤ ਕੀਤਾ ਗਿਆ। ਸੰਤ ਗੁਰਦੇਵ ਸਿੰਘ ਸੈਕਟਰੀ ਦੂਹੇਵਾਲਾ, ਸੰਤ ਗੁਰਦਿੱਤ ਸਿੰਘ ਅਤੇ ਮੁਖਤਿਆਰ ਸਿੰਘ ਅਬੁਲਖੁਰਾਣਾ ਨੇ ਵੀ ਸਹਿਯੋਗ ਦਿੱਤਾ। ਸੂਬਾ ਸਰਬਜੀਤ ਸਿੰਘ ਜੀ ਨੂੰ ਸਨਮਾਨ ਚਿੰਨ੍ਹ ਦੇ ਕੇ ਗੱਦਾਡੋਬ, ਸਕਤਾ ਖੇੜਾ, ਅਬੂਬ ਸ਼ਹਿਰ ਦੇ ਬੱਚਿਆਂ ਨੂੰ ਸਨਮਾਨ ਚਿੰਨ੍ਹ ਭੇਂਟ ਕਰਨ ਲਈ ਬੇਨਤੀ ਕੀਤੀ ਗਈ।

## ਮਾਈਸਰਖਾਨਾ (ਬਠਿੰਡਾ)

ਮਾਈਸਰਖਾਨਾ ਬਠਿੰਡਾ ਜ਼ਿਲ੍ਹੇ ਦਾ ਇਤਿਹਾਸਕ ਪਿੰਡ ਹੈ ਜੋ ਉੱਤਰੀ ਭਾਰਤ ਵਿੱਚ ਮਸ਼ਹੂਰ ਹੈ। ਮੈਂ ਇਸ ਪਿੰਡ ਵਿੱਚ ਪਿਛਲੇ 10 ਸਾਲ ਤੋਂ ਆਉਂਦਾ ਜਾਂਦਾ ਹਾਂ। ਮੌੜ ਤੋਂ ਸੰਤ ਹਰਦੇਵ ਸਿੰਘ ਮੇਰੇ ਨਾਲ ਜਾਂਦੇ ਕਿਉਂਕਿ ਉਨ੍ਹਾਂ ਦਾ ਪੁਰਾਤਨ ਪਿੰਡ ਵੀ ਇਹੋ ਹੈ। ਮੈਂ ਪਿੰਡ ਦਾ ਪੁਰਾਤਨ ਇਤਿਹਾਸ ਸੁਣ ਕੇ ਮਹਿਸੂਸ ਕਰਦਾ ਕਿ 70 ਪ੍ਰਤੀਸ਼ਤ ਨਾਮਧਾਰੀ ਆਬਾਦੀ ਵਾਲੇ ਪਿੰਡ ਵਿੱਚੋਂ ਗੁਰਸਿੱਖੀ ਕਿੱਧਰ ਉਡਾਰੀ ਮਾਰ ਗਈ ਹੈ। ਅਨੇਕਾਂ ਸਾਲਾਂ ਤੋਂ ਮਨ ਵਿੱਚ ਤਮੰਨਾ ਸੀ ਕਿ ਪਿੰਡ ਵਿਚ ਕੋਈ ਭਾਰੀ ਮੇਲਾ ਹੋਵੇ। ਮੈਂ ਮਾਈਸਰਖਾਨੇ ਦੀ ਸੰਗਤ ਨਾਲ ਵੀ ਵਿਚਾਰ ਕਰਦਾ। ਹਾਜ਼ਰਾ-ਹਜ਼ੂਰ ਦਿਲਾਂ ਦੀਆਂ ਜਾਣਦੇ ਹਨ ਪਾਤਸ਼ਾਹ ਜੀ ਦੀ ਹਜ਼ੂਰੀ ਵਿੱਚ 19 ਮਾਰਚ 2020 ਨੂੰ ਭਾਰੀ ਜੋੜ ਮੇਲਾ ਹੋਇਆ। ਸਤਿਗੁਰੂ ਜੀ ਨੇ ਉਸ ਸੁੱਕੇ ਰੁੱਖ ਨੂੰ ਪਾਣੀ ਪਾ ਦਿੱਤਾ ਜਿਸਦੀਆਂ ਕਰੂੰਬਲਾਂ ਫੁੱਟਣ ਲੱਗੀਆਂ ਹਨ। ਇਸ ਵਾਰ ਦੇ ਜਪੁ ਪ੍ਰਯੋਗ ਵਿਚ ਜਸਵੰਤ ਸਿੰਘ ਮਾਈਸਰਖਾਨਾ ਦੀ ਦੇਖ ਰੇਖ ਵਿਚ ਪਹਿਲੀ ਵਾਰ ਜਪੁ ਪ੍ਰਯੋਗ ਹੋਇਆ ਹੈ। ਛੋਟੇ-ਛੋਟੇ ਬੱਚਿਆਂ ਅਤੇ ਨੌਜਵਾਨਾਂ ਨੇ ਜਪੁ ਪ੍ਰਯੋਗ ਵਿਚ ਹਿੱਸਾ ਪਾਇਆ। ਜਪ ਪ੍ਰਯੋਗ ਦੀ ਸਮਾਪਤੀ ਤੋਂ ਬਾਅਦ 18 ਅਕਤੂਬਰ ਨੂੰ ਨਾਮਧਾਰੀ ਵਿੱਦਿਅਕ ਜਥਾ ਰਾਮਪੁਰਾ ਫੂਲ ਤੋਂ ਲਖਵੀਰ ਸਿੰਘ, ਗੁਰਭਗਤ ਸਿੰਘ, ਸਿਮਰਨ ਕੌਰ, ਲੱਖਾ ਸਿੰਘ, ਜਸਵੀਰ ਕੌਰ ਵੱਲੋਂ ਅਤੇ ਸੰਤ ਰਣਜੀਤ ਸਿੰਘ ਮੰਨਣ ਅਤੇ ਸੰਤ ਹਰਜਿੰਦਰ ਸਿੰਘ ਬਠਿੰਡਾ ਵੱਲੋਂ ਸਰਪੰਚ ਗੁਰਾਂਦਿੱਤਾ ਸਿੰਘ ਦੇ ਘਰ ਬੱਚਿਆਂ ਦਾ ਸਨਮਾਨ ਲਈ ਸਨਮਾਨ ਕੀਤਾ ਗਿਆ। ਸੰਤ ਰਣਜੀਤ ਸਿੰਘ ਮੰਨਣ ਨੇ ਇਲਾਕੇ ਦੇ ਮਰਜੀਵੜੇ ਨਾਮਧਾਰੀ ਸਿੰਘਾਂ ਨੂੰ ਯਾਦ ਕੀਤਾ। ਸੰਗਤ ਨੂੰ ਗੁਰਮਤਿ ਨਾਲ ਜੁੜਨ ਲਈ ਪ੍ਰੇਰਿਤ ਕੀਤਾ ਗਿਆ। ਸਤਿਜੁਗ ਪੜ੍ਹਨ ਲਈ ਬੇਨਤੀ ਕੀਤੀ ਗਈ। ਸੰਤ ਹਰਜਿੰਦਰ ਸਿੰਘ ਵੱਲੋਂ ਸਾਰੇ ਬੱਚਿਆਂ ਨੂੰ ਉਤਸ਼ਾਹਿਤ ਕਰਨ ਲਈ ਮਾਇਆ ਰੂਪੀ ਸੇਵਾ ਫਲ ਭੇਂਟ ਕੀਤਾ ਗਿਆ।

## ਪਿੰਡ ਰਾਏਸਰ (ਬਰਨਾਲਾ)

ਪਿੰਡ ਰਾਏਸਰ ਬਰਨਾਲਾ ਜ਼ਿਲ੍ਹੇ ਦਾ ਮਸ਼ਹੂਰ ਅਤੇ ਇਤਿਹਾਸਕ ਪਿੰਡ ਹੈ। ਇਸ ਪਿੰਡ ਵਿੱਚ ਨਾਮਧਾਰੀ ਗੁਰਦੁਆਰਾ ਬਣਿਆ ਹੋਇਆ ਹੈ ਜਿੱਥੇ ਸਾਰਾ ਹੀ ਪਿੰਡ ਨਤਮਸਤਕ ਹੁੰਦਾ ਹੈ ਅਤੇ ਅੱਜ ਇਹ ਗੁਰਦੁਆਰਾ ਗੁਰੂ ਨਾਨਕ ਨਾਮ ਲੇਵਾ ਸੰਗਤ ਦਾ ਸਾਂਝਾ ਹੈ। ਪੁਰਾਤਨ ਸਮੇਂ ਵਿੱਚ ਇਸ ਪਿੰਡ ਵਿੱਚ ਵੱਡੀ ਗਿਣਤੀ ਵਿੱਚ ਨਾਮਧਾਰੀ ਪਰਿਵਾਰ ਸਨ। ਇਥੇ 14 ਅਕਤੂਬਰ ਨੂੰ ਜਪੁ ਪ੍ਰਯੋਗ ਦੀ ਸਮਾਪਤੀ ਦੌਰਾਨ ਸੂਬਾ ਗੁਰਮੇਲ ਸਿੰਘ ਜੀ ਦੀ ਅਗਵਾਈ ਵਿੱਚ ਪਾਠਾਂ ਦੇ ਭੋਗ ਪਾਏ ਗਏ। ਸਵੇਰੇ ਅੰਮ੍ਰਿਤ ਵੇਲੇ ਨਾਮਧਾਰੀ ਵਿੱਦਿਅਕ ਜਥੇ ਰਾਮਪੁਰਾ ਫੂਲ ਦੇ ਨੌਜਵਾਨਾਂ ਵੱਲੋਂ ਗੁਰਭਗਤ ਸਿੰਘ ਦੀ ਅਗਵਾਈ ਵਿੱਚ ਆਸਾ ਦੀ ਵਾਰ ਦਾ ਕੀਰਤਨ ਹੋਇਆ। ਲਖਵੀਰ ਸਿੰਘ ਵੱਲੋਂ ਨਸ਼ਿਆਂ ਦੇ ਵਧ ਰਹੇ ਪ੍ਰਕੋਪ ਅਤੇ ਦਾਜ ਦਹੇਜ ਤੋਂ ਬਚਕੇ ਗੁਰੂ ਨਾਨਕ ਦੇਵ ਦੇ ਦਿੱਤੇ ਗੁਰਮੰਤਰ ਦਾ ਜਾਪ ਕਰਨ ਤੇ ਜ਼ੋਰ ਦਿੱਤਾ ਗਿਆ। ਪਿੰਡ ਨਿਵਾਸੀਆਂ ਦੀ 400 ਦੇ ਕਰੀਬ ਭਾਰੀ ਇਕੱਠ ਦੀ ਗਿਣਤੀ ਵਿੱਚ ਨਾਮ ਸਿਮਰਨ ਕਰਨ ਵਾਲੇ ਬੱਚਿਆਂ ਨੂੰ ਸੂਬਾ ਗੁਰਮੇਲ ਸਿੰਘ, ਲਖਵੀਰ ਸਿੰਘ, ਗੁਰਭਗਤ ਸਿੰਘ, ਪਲਵਿੰਦਰ ਸਿੰਘ ਵੱਲੋਂ ਸਨਮਾਨਿਤ ਕੀਤਾ ਗਿਆ। ਲੱਖਾ ਸਿੰਘ ਅਤੇ ਸੰਤ ਸਿੰਘ ਵਲੋਂ ਸਤਿਜੁਗ ਦੇ ਕੈਲੰਡਰ ਵੀ ਵੰਡੇ ਗਏ।

14 ਅਕਤੂਬਰ ਨੂੰ ਹੀ ਬਰਨਾਲਾ ਸ਼ਹਿਰ ਅਤੇ ਢਿੱਲਵਾਂ ਮੌੜ ਵਿਖੇ ਸੂਬਾ ਬਲਵੀਰ ਸਿੰਘ ਜੀ ਦੀ ਅਗਵਾਈ ਹੇਠ ਜਪ ਪ੍ਰਯੋਗ ਵਿੱਚ ਬੈਠਣ ਵਾਲੇ ਬੱਚਿਆਂ ਨੂੰ ਪਿੰਡਾਂ ਵਿੱਚ ਜਾ ਕੇ ਸਨਮਾਨਿਤ ਕੀਤਾ ਗਿਆ ਅਤੇ ਮਾਪਿਆਂ ਦਾ ਵੀ ਧੰਨਵਾਦ ਕੀਤਾ ਗਿਆ।

## ਹਿੰਮਤਪੁਰਾ (ਬਰਨਾਲਾ)

ਹਿੰਮਤਪੁਰਾ ਇਕ ਇਤਿਹਾਸਕ ਪਿੰਡ ਹੈ। ਜਿੱਥੇ ਸੰਤ ਕਰਮ ਸਿੰਘ ਜੀ ਦਾ ਡੇਰਾ ਹੈ। ਇਸ ਨਾਮਧਾਰੀ ਡੇਰੇ ਦੀ ਮਾਨਤਾ ਦੂਰ ਦੂਰ ਤਕ ਫੈਲੀ ਹੋਈ ਹੈ। ਇਸ ਸਥਾਨ ਨੂੰ ਸਤਿਗੁਰੂ ਪ੍ਰਤਾਪ ਸਿੰਘ, ਸਤਿਗੁਰੂ ਜਗਜੀਤ ਸਿੰਘ ਜੀ ਦੀ ਚਰਨ ਛੋਹ ਪ੍ਰਾਪਤ ਹੈ। ਸੰਤ ਕਰਮ ਸਿੰਘ ਜੀ ਦੇ ਯਾਦਗਾਰੀ ਮੇਲੇ ਸਮੇਂ ਹਾਜ਼ਰਾ ਹਜ਼ੂਰ ਸਤਿਗੁਰੂ ਉਦੇ ਸਿੰਘ ਜੀ ਵੀ ਦਰਸ਼ਨ ਦਿੰਦੇ ਹਨ। ਇੱਥੇ ਹਰ ਵਰ੍ਹੇ ਜਪ ਪ੍ਰਯੋਗ ਹੁੰਦਾ ਹੈ। ਇਸ ਵਰ੍ਹੇ ਸੰਤ ਜਸਵੰਤ ਸਿੰਘ ਜੀ ਦੀ ਅਗਵਾਈ ਵਿੱਚ 250 ਦੇ ਕਰੀਬ ਸੰਗਤ ਹਰ ਰੋਜ਼ ਜਪ ਪ੍ਰਯੋਗ ਵਿੱਚ ਸ਼ਾਮਲ ਹੁੰਦੀ ਰਹੀ ਹੈ। ਹਰ ਰੋਜ਼ ਮਨਪ੍ਰੀਤ ਸਿੰਘ ਜੀ ਹਾਜ਼ਰੀ ਲਗਾਉਂਦੇ ਰਹੇ ਹਨ।

## ਭਦੌੜ, ਅਲਕੜਾ, ਗਹਿਲ, ਗੋਂਸਪੁਰਾ

ਨਾਮਧਾਰੀ ਵਿੱਦਿਅਕ ਜਥਾ ਅਤੇ ਨਾਮਧਾਰੀ ਇਸਤਰੀ ਵਿੱਦਿਅਕ ਜਥੇ ਵਿੱਚ ਰਾਮਪੁਰਾ ਫੂਲ ਵਲੋਂ ਭਦੌੜ, ਅਲਕੜਾ, ਗਹਿਲ ਅਤੇ ਗੋਂਸਪੁਰਾ ਵਿਚ ਨਾਮ ਸਿਮਰਨ ਵਿੱਚ ਬੈਠਣ ਵਾਲੇ ਬੱਚਿਆਂ ਨੂੰ ਘਰ-ਘਰ ਜਾ ਕੇ ਮਿਲਿਆ ਗਿਆ। ਇਨ੍ਹਾਂ ਇਲਾਕਿਆਂ ਵਿੱਚ ਦਾਰਾ ਸਿੰਘ ਭਦੌੜ ਨੇ ਬੱਚਿਆਂ ਨੂੰ ਘਰ-ਘਰ ਜਾ ਕੇ ਜਪ ਪ੍ਰਯੋਗ ਵਿਚ ਸ਼ਾਮਲ ਹੋਣ

ਲਈ ਪ੍ਰੇਰਿਤ ਕੀਤਾ ਹੋਇਆ ਸੀ। ਉਨ੍ਹਾਂ ਨੂੰ ਨਾਲ ਲਿਜਾਕੇ ਇਨ੍ਹਾਂ ਇਲਾਕਿਆਂ ਵਿੱਚ ਇਨਾਮ ਵੰਡੇ ਗਏ, ਪੁਰਾਤਨ ਬਜ਼ੁਰਗਾਂ ਦੀਆਂ ਸਾਖੀਆਂ, ਪੁਰਾਤਨ ਸਮੇਂ ਦੀ ਮਹੱਤਤਾ, ਪੁਰਾਤਨ ਸਮੇਂ ਦੀਆਂ ਆਪਸੀ ਸਾਂਝਾਂ ਬਾਰੇ ਸੰਗਤ ਨਾਲ ਵਿਚਾਰ ਵਟਾਂਦਰਾ ਹੋਇਆ। ਬੱਚਿਆਂ ਨੂੰ ਗੁਰਸਿੱਖੀ ਨਾਲ ਜੁੜਨ, ਸਤਿਜੁਗ ਪੜ੍ਹਨ ਬਾਰੇ ਵੀ ਪ੍ਰੇਰਿਤ ਕੀਤਾ ਗਿਆ। ਉਤਸ਼ਾਹ ਪੂਰਵਕ ਨਾਮ ਸਿਮਰਨ ਕਰਨ ਵਾਲੇ ਬੱਚਿਆਂ ਨੂੰ ਹੋਰ ਉਤਸ਼ਾਹਿਤ ਕਰਨ ਲਈ ਨਾਮਧਾਰੀ ਨਿੱਤਨੇਮ ਸਟੀਕ ਵੀ ਭੇਂਟ ਕੀਤੇ ਗਏ।

ਮਾਲਵੇ ਦਾ ਜਪ ਪ੍ਰਯੋਗ ਸਤਿਗੁਰੂ ਉਦੇ ਸਿੰਘ ਜੀ ਦੀਆਂ ਅਪਾਰ ਬਖ਼ਸ਼ਿਸ਼ਾਂ ਸਦਕਾ ਯਾਦਗਾਰੀ ਹੋ ਨਿਬੜਿਆ ਅਤੇ ਅਮਿੱਟ ਛਾਪ ਛੱਡ ਗਿਆ।

**ਡਾ. ਲਖਵੀਰ ਸਿੰਘ ਰਾਮਪੁਰਾਫੂਲ**

......................................................

## ਸ੍ਰੀ ਭੈਣੀ ਸਾਹਿਬ ਵਿਖੇ ਪਿਛਲੀ ਦਿਨੀਂ ਹੋਏ ਆਨੰਦ ਕਾਰਜਾਂ ਦੀ ਲਿਸਟ

ਲੜਕਾ- ਸੁਖਵਿੰਦਰ ਸਿੰਘ ਪੁੱਤਰ ਸ. ਸੁਰਿੰਦਰ ਸਿੰਘ ਪ੍ਰੀਤ ਨਗਰ ਜਲੰਧਰ 18-9-2020

ਲੜਕੀ- ਮਨਦੀਪ ਕੌਰ ਪੁੱਤਰੀ ਸ. ਜਗਤਾਰ ਮੇਰਠ ਯੂ.ਪੀ. 18-9-2020

ਲੜਕਾ- ਜਗਤ ਸਿੰਘ ਪੁੱਤਰ ਜਸਵਿੰਦਰ ਸਿੰਘ ਲੁਧਿਆਣਾ 2-10-2020

ਲੜਕੀ- ਮਨਜੀਤ ਕੌਰ ਪੁੱਤਰੀ ਸ. ਸੁਰਿੰਦਰਪਾਲ ਸਿੰਘ ਮੁਕਤਸਰ 2-10-2020

ਲੜਕਾ- ਕਰਤਾਰ ਸਿੰਘ ਪੁੱਤਰ ਸ. ਕਰਮ ਸਿੰਘ ਸ੍ਰੀ ਭੈਣੀ ਸਾਹਿਬ 25-9-2020

ਲੜਕੀ- ਪਲਵਿੰਦਰ ਕੌਰ ਪੁੱਤਰੀ ਸ. ਗੁਰਦੀਪ ਸਿੰਘ ਮੱਧ ਪ੍ਰਦੇਸ 25-9-2020

ਲੜਕਾ- ਸੁਦਰਸ਼ਨਪਾਲ ਸਿੰਘ ਪੁੱਤਰ ਦਲਜੀਤ ਸਿੰਘ ਯਮੁਨਾਨਗਰ 1-10-2020

ਲੜਕੀ- ਦੀਵਾਨ ਕੌਰ ਪੁੱਤਰੀ ਸ. ਦਲੀਪ ਲੁਧਿਆਣਾ 1-10-2020

ਲੜਕਾ- ਈਸ਼ਰ ਸਿੰਘ ਪੁੱਤਰ ਸ. ਇੰਦਰਪਾਲ ਸਿੰਘ ਦਿੱਲੀ 10-10-2020

ਲੜਕੀ- ਨਵਨੀਤ ਕੌਰ ਪੁੱਤਰੀ ਸ.ਸਮਸ਼ੇਰ ਸਿੰਘ ਲੁਧਿਆਣਾ 10-10-2020

ਲੜਕਾ- ਗੁਰਿੰਦਰ ਸਿੰਘ ਪੁੱਤਰ ਜਸਵਿੰਦਰ ਸਿੰਘ ਜਲੰਧਰ 10-10-2020

ਲੜਕੀ- ਗਿਆਨ ਕੌਰ ਪੁੱਤਰੀ ਸ. ਗੁਰਮੀਤ ਸਿੰਘ ਗੁਰਾਇਆ 10-10-2020

ਲੜਕਾ- ਮਨਪ੍ਰੀਤ ਸਿੰਘ ਪੁੱਤਰ ਸ. ਸੁਖਦਰਸ਼ਨ ਸਿੰਘ ਬੁਰਜਰਾਜਗੜ 10-10-2020

ਲੜਕੀ- ਰਾਜਿੰਦਰ ਕੌਰ ਪੁੱਤਰੀ ਸ. ਸ਼ਿੰਦਰਪਾਲ ਸਿੰਘ ਬਠਿੰਡਾ 10-10-2020

ਲੜਕਾ- ਗੁਰਿੰਦਰਪਾਲ ਸਿੰਘ ਪੁੱਤਰ ਛਿੰਦਰਪਾਲ ਸਿੰਘ ਬਠਿੰਡਾ 10-10-2020

ਲੜਕੀ- ਜਸਪ੍ਰੀਤ ਕੌਰ ਪੁੱਤਰੀ ਦੀਦਾਰ ਸਿੰਘ ਸੰਗਰੂਰ 10-10-2020

ਲੜਕਾ- ਇੰਦਰਪਾਲ ਸਿੰਘ ਪੁੱਤਰ ਸ. ਸਤਿਨਾਮ ਸਿੰਘ ਫਤਿਹਗੜ ਸਾਹਿਬ 11-10-2020

ਲੜਕੀ- ਦਵਿੰਦਰ ਕੌਰ ਪੁੱਤਰੀ ਸ. ਬਲਵਿੰਦਰ ਸਿੰਘ ਤਰਨਤਾਰਨ 11-10-2020

**-ਸੂਬਾ ਬਲਵਿੰਦਰ ਸਿੰਘ ਝੱਲ**

......................................................

## ਪਿੰਡ 'ਬੀੜ ਗੁਰੂ ਕਾ' ਵਿਖੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ

ਨਗਰ ਦੀ ਚੱਲੀ ਆ ਰਹੀ ਪ੍ਰੰਪਰਾ ਅਨੁਸਾਰ ਹਰ ਫਸਲ ਪੱਕਣ ਤੇ ਸ੍ਰੀ ਸਤਿਗੁਰੂ ਜੀ ਨੂੰ ਅਰਜ ਬੇਨਤੀ ਕਰਕੇ ਸਾਧ-ਸੰਗਤ ਵੱਲੋਂ ਪਵਿੱਤਰ ਗੁਰਬਾਣੀ ਦੇ ਅਖੰਡ ਪਾਠ ਦਾ ਭੋਗ ਸ੍ਰੀ ਸਤਿਗੁਰੂ ਜੀ ਹਜੂਰੀ ਵਿੱਚ ਪਵਾਇਆ ਜਾਂਦਾ ਹੈ। ਅਜਿਹੇ ਹੀ ਅਵਸਰ ਤੇ ਹਾਜ਼ਰਾ-ਹਜ਼ੂਰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਮਿਤੀ 5/10/2020 ਦਿਨ ਸੋਮਵਾਰ ਨੂੰ ਪਿੰਡ ਬੀੜ ਵਿਖੇ ਅਖੰਡ ਪਾਠ ਦੇ ਭੋਗ ਸਮੇਂ ਦਰਸ਼ਨ ਦੇਣ ਦੀ ਕ੍ਰਿਪਾ ਕੀਤੀ। ਨਗਰ ਨਿਵਾਸੀ ਸਾਧ ਸੰਗਤ ਨੇ ਬੜੇ ਹੀ ਉਤਸ਼ਾਹ ਅਤੇ ਖੁਸ਼ੀ ਭਰੇ ਮਾਹੌਲ ਵਿੱਚ ਸ੍ਰੀ ਸਤਿਗੁਰੂ ਜੀ ਨੂੰ "ਜੀ ਆਇਆਂ" ਆਖਿਆ। ਸਭਨਾ ਨੇ ਬੜੇ ਹੀ ਸਤਿਕਾਰ ਨਾਲਕਤਾਰਾਂ ਵਿੱਚ, ਭੇਟਾ ਧਰ ਸ੍ਰੀ ਸਤਿਗੁਰੂ ਜੀ ਨੂੰ ਨਮਸਕਾਰ ਕੀਤੀ। ਸੰਗਤ ਵੱਲੋਂ ਉਚੇਚੇ ਤੌਰ ਤੇ ਸ. ਕੁਲਦੀਪ ਸਿੰਘ EX ਸਰਪੰਚ, ਹਰਦੀਪ ਸਿੰਘ, ਸੁਖਦੇਵ ਸਿੰਘ

ਵਿਰਕ, ਗੁਰਨਾਮ ਸਿੰਘ ਸੰਧੂ, ਕੁਲਵਿੰਦਰ ਸਿੰਘ ਨੰਬਰਦਾਰ ਹਰਭਜਨ ਸਿੰਘ, ਹਜੂਰਾ ਸਿੰਘ, ਮਲੂਕ ਸਿੰਘ, ਨਾਜਰ ਸਿੰਘ, ਜਸਵੀਰ ਸਿੰਘ, ਕੁਲਵਿੰਦਰ ਸਿੰਘ ਰਾਣਾ, ਮਹੰਤ ਕਸ਼ਮੀਰ ਸਿੰਘ ਨੇ ਸ੍ਰੀ ਸਤਿਗੁਰੂ ਜੀ ਦਾ ਦਰਸ਼ਨ ਦੇਣ ਤੇ ਸ਼ੁਕਰਾਨਾ ਕੀਤਾ। ਗੁਰਦੁਆਰਾ ਸਾਹਿਬ ਤੋਂ ਵਾਪਸੀ ਸਮੇਂ ਸ੍ਰੀ ਸਤਿਗੁਰੂ ਜੀ ਨੇ ਬੀਬੀ ਪ੍ਰਕਾਸ਼ ਕੌਰ ਦੇ ਚੜ੍ਹਾਈ ਕਰਨ ਤੇ ਪਰਿਵਾਰ ਨੂੰ ਦਰਸ਼ਨ ਦੇਣ ਦੀ ਕ੍ਰਿਪਾ ਕੀਤੀ ਅਤੇ ਘਰ ਚਰਨ ਪਾਏ। ਇਥੋਂ ਹੀ ਸ. ਗੁਰਦੇਵ ਸਿੰਘ ਦੇ ਘਰ ਚਰਨ ਪਾਉਣ ਉਪਰੰਤ ਸ੍ਰੀ ਸਤਿਗੁਰੂ ਜੀ ਵਾਪਸ ਸ੍ਰੀ ਭੈਣੀ ਸਾਹਿਬ ਲਈ ਚੱਲ ਪਏ।

**-ਸੂਬਾ ਬਲਵਿੰਦਰ ਸਿੰਘ ਝੱਲ**

........................................................

## ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦਾ ਦੌਰਾ ਇਲਾਕਾ ਸ੍ਰੀ ਜੀਵਨ ਨਗਰ

ਸ੍ਰੀ ਭੈਣੀ ਸਾਹਿਬ ਤੋਂ ਜਪ ਪ੍ਰਯੋਗ ਦੀ ਸਮਾਪਤੀ ਦੇ ਦਿਨ ਭਾਵ ਕਿ 10 ਅਕਤੂਬਰ 2020 ਮੁਤਾਬਿਕ 25 ਅੱਸੂ 2077 ਦਿਨ ਸ਼ਨੀਵਾਰ ਨੂੰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦਿੱਲੀ ਨਿਵਾਸੀ ਸਾਧ ਸੰਗਤ ਨੂੰ ਦਰਸ਼ਨ ਦੇਣ ਲਈ ਚਾਲੇ ਪਾਏ। ਦਿੱਲੀ ਨਿਵਾਸੀ ਸਾਧ ਸੰਗਤ ਦੇ ਮਨਾਂ ਵਿੱਚ ਭਾਰੀ ਉਤਸ਼ਾਹ ਸੀ ਕਿ ਸ੍ਰੀ ਸਤਿਗੁਰੂ ਜੀ ਕਾਫ਼ੀ ਲੰਬੇ ਅਰਸੇ ਬਾਅਦ ਦਿੱਲੀ ਵਿਖੇ ਦਰਸ਼ਨ ਦੇ ਰਹੇ ਸਨ। ਦਿੱਲੀ ਸ਼ਾਮ ਦੇ ਨਾਮ ਸਿਮਰਨ ਸਮੇਂ ਦਰਸ਼ਨ ਦੇਣ ਦੀ ਕ੍ਰਿਪਾ ਹੋਈ ਤਾਂ ਸਵੇਰੇ ਆਸਾ ਦੀ ਵਾਰ ਦੇ ਕੀਰਤਨ ਦਾ ਪ੍ਰੋਗਰਾਮ ਵੀ ਅਨਾਊਂਸ ਹੋਇਆ। ਦਿੱਲੀ ਸਵੇਰੇ 11 ਅਕਤੂਬਰ 2020 ਮੁਤਾਬਿਕ 26 ਅੱਸੂ 2077 ਦਿਨ ਐਤਵਾਰ ਆਸਾ ਦੀ ਵਾਰ ਦੀ ਸਮਾਪਤੀ ਬਾਅਦ ਚਾਲੇ ਪਾਏ ਤਾਂ ਰਾਜਸਥਾਨ ਦੇ ਕਸਬੇ ਭਾਦਰਾ ਵਿਖੇ ਸ. ਬਖ਼ਸ਼ੀਸ਼ ਸਿੰਘ ਦੀ ਧਰਮ ਪਤਨੀ ਬੀਬੀ ਬਲਵਿੰਦਰ ਕੌਰ ਦੇ ਭੋਗ ਸਮੇਂ ਦਰਸ਼ਨ ਦੇਣ ਦੀ ਕਿਰਪਾ ਕੀਤੀ। ਇਥੇ ਜਥੇਦਾਰ ਜਸਵਿੰਦਰ ਸਿੰਘ ਭਿੰਡਰ ਨੇ ਆਪਣੇ ਜਥੇ ਸਮੇਤ ਕੀਰਤਨ ਕੀਤਾ, ਦੀਵਾਨ ਲਾਇਆ। ਭਾਦਰਾ ਤੋਂ ਬਾਅਦ ਸ੍ਰੀ ਸਤਿਗੁਰੂ ਜੀ ਨੇ ਸ੍ਰੀ ਮਸਤਾਨਗੜ੍ਹ ਆਣ ਕੇ ਦਰਸ਼ਨ ਦਿੱਤੇ। ਭਾਵੇਂ ਹਨ੍ਹੇਰਾ ਹੀ ਹੋ ਚੁੱਕਾ ਸੀ। ਮਿਤੀ 12 ਅਕਤੂਬਰ 2020 ਮੁਤਾਬਿਕ 27 ਅੱਸੂ 2077 ਦਿਨ ਸੋਮਵਾਰ ਸਵੇਰੇ ਮਸਤਾਨਗੜ੍ਹ ਸੋਮਵਾਰ ਵਿਖੇ ਹੀ ਆਸਾ ਦੀ ਵਾਰ ਦਾ ਕੀਰਤਨ ਵਾਰੇ ਦੇ ਰੂਪ ਵਿੱਚ ਜ: ਗੁਰਲਾਲ ਸਿੰਘ ਰਾਗੀ, ਸ਼ਾਮ ਸਿੰਘ ਅਤੇ ਹੋਰ ਨੌਜਵਾਨਾਂ ਦੇ ਜਥੇ ਨੇ ਕੀਤਾ। ਸਾਧ ਸੰਗਤ ਹੁੰਮ-ਹੁਮਾ ਕੇ ਮਸਤਾਨਗੜ੍ਹ ਵਿਖੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਲਈ ਪਹੁੰਚੀ। ਵਾਰੇ ਦੀ ਸਮਾਪਤੀ ਬਾਅਦ ਸ਼ਾਮ ਦਾ ਪ੍ਰੋਗਰਾਮ ਅਨਾਊਂਸ ਕੀਤਾ ਗਿਆ। ਸ੍ਰੀ ਸਤਿਗੁਰੂ ਜੀ ਨੇ ਮਸਤਾਨਗੜ੍ਹ ਖੇਤੀ ਫਾਰਮ ਦਾ ਦੌਰਾ ਕੀਤਾ। ਦੁਪਹਿਰ ਵਿਖੇ ਸਤਿਗੁਰੂ ਜੀ ਨੇ ਕੁਝ ਘਰਾਂ ਵਿੱਚ ਚਰਨ ਪਾਉਣ ਦੀ ਕ੍ਰਿਪਾ ਕੀਤੀ। ਪਿੰਡ ਵਣੀ, ਕਰੀਵਾਲਾ: ਸ. ਗਰਨਾਮ ਸਿੰਘ, ਸਤਨਾਮ ਸਿੰਘ, ਸਵ: ਮੁਹਕਮ ਸਿੰਘ, ਹਰਸਾ ਸਿੰਘ ਹਰੀਪੁਰਾ, ਸ. ਸਵਰਨ ਸਿੰਘ ਖਿਆਲੀਆ, ਸੰਤ ਨਗਰ: ਹਰਦੇਵ ਸਿੰਘ, ਹਰੀ ਸਿੰਘ ਮਿਸਤਰੀ, ਬਲਦੇਵ ਸਿੰਘ, ਹਰਪਾਲ ਸਿੰਘ, ਨੰਬਰਦਾਰ ਸੰਤੋਖ ਸਿੰਘ, ਮੁਖਤਿਆਰ ਸਿੰਘ ਮਿਰਜਾਪੁਰੀ, ਮਹਿੰਦਰ ਸਿੰਘ, ਸੁਰੈਣ ਸਿੰਘ, ਸੂਰਤਾ ਸਿੰਘ, ਵਾਪਸ ਮਸਤਾਨਗੜ੍ਹ ਆਣ ਵਿਸ਼ਰਾਮ ਕੀਤਾ ਅਤੇ ਫਿਰ ਸ਼ਾਮ 4:30 ਸਪੋਰਟਸ ਅਕੈਡਮੀ ਦੇ ਬੱਚਿਆਂ ਨੂੰ ਦਰਸ਼ਨ ਦੇਣ ਲਈ ਗੁਰੂ ਹਰੀ ਸਿੰਘ ਕਾਲਜ ਦੇ ਸਟੇਡੀਅਮ ਵਿਖੇ ਦਰਸ਼ਨ ਦੇਣ ਦੀ ਕਿਰਪਾ ਕੀਤੀ। ਇਥੋਂ ਹੀ ਵਾਪਸ ਆਣ ਮਸਤਾਨਗੜ੍ਹ ਵਿਖੇ ਸ਼ਾਮ 6 ਤੋਂ 7 ਤੱਕ ਨਾਮ ਸਿਮਰਨ ਵਿੱਚ ਦਰਸ਼ਨ ਦਿੱਤੇ। ਜਥੇ. ਗੁਰਲਾਲ ਸਿੰਘ ਸ੍ਰੀ ਭੈਣੀ ਸਾਹਿਬ ਨੇ ਕਥਾ ਕੀਤੀ। ਸਾਧ ਸੰਗਤ ਦਾ ਵੱਡਾ ਇੱਕਠ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਲਈ ਪਹੁੰਚਿਆ ਹੋਇਆ ਸੀ। ਨਾਮ ਸਿਮਰਨ ਤੋਂ ਬਾਅਦ ਹਜ਼ੂਰੀ ਰਾਗੀ ਜਥੇ ਨੇ ਕੀਰਤਨ ਕੀਤਾ। ਸਮਾਪਤੀ ਸਮੇਂ ਸਵੇਰੇ ਆਸਾ ਦੀ ਵਾਰ ਦੇ ਕੀਰਤਨ ਦਾ ਪ੍ਰੋਗਰਾਮ ਅਨਾਊਂਸ ਕੀਤਾ ਗਿਆ।

**-ਸੂਬਾ ਬਲਵਿੰਦਰ ਸਿੰਘ ਝੱਲ**

........................................................

## ਸੰਤ ਨਗਰ ਵਿਖੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ

ਮਿਤੀ 14 ਅਕਤੂਬਰ 2020 ਮੁਤਾਬਿਕ 29 ਅੱਸੂ 2077 ਦਿਨ ਬੁੱਧਵਾਰ**:** ਅੱਜ ਸਵੇਰੇ ਆਸਾ ਦੀ ਵਾਰ ਦਾ ਕੀਰਤਨ ਪਿੰਡ ਸੰਤ ਨਗਰ ਵਿਖੇ ਪ੍ਰਤਾਪ ਮੰਦਰ ਵਿੱਚ ਸੀ ਪ੍ਰੰਤੂ ਸ੍ਰੀ ਸਤਿਗੁਰੂ ਜੀ ਨੇ ਪਿੰਡ ਕੁੱਤਾਵੱਡ ਦੀ ਸਾਧ ਸੰਗਤ ਦੀ ਅਰਜ਼ ਪ੍ਰਵਾਨ ਕਰਦੇ ਹੋਏ ਅੰਮ੍ਰਿਤ ਵੇਲੇ ਸਵੇਰੇ 4 ਵਜੇ ਕੁੱਤਾਵੱਡ ਵਿਖੇ ਹੋ ਰਹੇ ਨਾਮ ਸਿਮਰਨ ਜਪ-ਪ੍ਰਯੋਗ ਵਿੱਚ ਸਾਧ ਸੰਗਤ ਨੂੰ ਦਰਸ਼ਨ ਦੇਣ ਦੀ ਕ੍ਰਿਪਾ ਕੀਤੀ। ਇੱਥੋਂ ਹੀ ਵਾਪਸ ਆਣ ਸੰਤ ਨਗਰ ਵਿਖੇ ਆਸਾ ਦੀ ਵਾਰ ਦੇ ਕੀਰਤਨ ਵਿੱਚ ਦਰਸ਼ਨ ਦਿੱਤੇ। ਜਥੇ. ਗੁਰਲਾਲ ਸਿੰਘ ਅਤੇ ਰਾਗੀ

ਸਿੰਘ ਸਥਾਨਕ ਨੌਜਵਾਨਾਂ ਦੇ ਜਥੇ ਨਾਲ ਆਸਾ ਦੀ ਵਾਰ ਦਾ ਕੀਰਤਨ ਵਾਰੇ ਦੇ ਰੂਪ ਵਿੱਚ ਕਰ ਰਹੇ ਸਨ। ਸਾਧ ਸੰਗਤ ਨਾਲ ਮੰਦਰ ਭਰਿਆ ਹੋਇਆ ਸੀ। ਵਾਰੇ ਦੇ ਕੀਰਤਨ ਦੀ ਸਮਾਪਤੀ ਬਾਅਦ ਇੱਕ ਅਖੰਡ ਪਾਠ ਦਾ ਭੋਗ ਵੀ ਨਗਰ ਵਾਸੀ ਸਾਧ ਸੰਗਤ ਵੱਡੇ ਪਾਇਆ ਗਿਆ। ਅਖੰਡ ਪਾਠ ਦੇ ਭੋਗ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਪਵਿੱਤਰ ਉਪਦੇਸ਼ ਦੇਣ ਦੀ ਕ੍ਰਿਪਾ ਕੀਤੀ। ਸ੍ਰੀ ਸਤਿਗੁਰੂ ਜੀ ਨੇ ਸਾਧ ਸੰਗਤ ਨੂੰ ਸੁਚੇਤ ਕਰਦੇ ਹੋਏ ਬਚਨ ਕੀਤਾ ਕਿ ਅਸੀਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿੱਚ ਮੇਲੇ ਮਨਾਂ ਰਹੇ ਹਾਂ। ਇਹ ਮੇਲੇ ਮਨਾਉਣ ਦਾ ਭਾਵ ਇੱਕ ਹੀ ਹੈ ਕਿ ਅਸੀਂ ਕਿ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਵੀ ਮੰਨੀਏ ਜੋ ਉਹਨਾਂ ਨੇ ਸਾਡੇ ਸਭਨਾ ਦੇ ਭਲੇ ਲਈ ਉਚਾਰੇ ਹਨ। ਸੰਤ ਨਗਰ ਵਿਖੇ ਹੀ ਸ. ਮੁਖਤਿਆਰ ਸਿੰਘ ਤੇ ਗੁਰਨਾਮ ਸਿੰਘ ਦੇ ਘਰ ਚਰਨ ਪਾਉਣ ਦੀ ਕ੍ਰਿਪਾ ਕੀਤੀ।

ਇਥੋਂ ਹੀ ਵਾਪਸ ਮਸਤਾਨਗੜ੍ਹ ਆਣ ਵਾਪਸੀ ਲਈ ਚਾਲੇ ਪਾਏ। ਰਸਤੇ ਵਿੱਚ ਸਤਿਗੁਰੂ ਜੀ ਨੇ ਸਿਰਸਾ ਸ਼ਹਿਰ ਵਿਖੇ ਸਤਿਗੁਰੂ ਪ੍ਰਤਾਪ ਸਿੰਘ ਹਸਪਤਾਲ ਵਿੱਚ ਬੀਬੀ ਗੁਰਨਾਮ ਕੌਰ ਧਰਮ ਪਤਨੀ ਸ. ਪ੍ਰੀਤਮ ਸਿੰਘ ਪੀਤਾ ਡਰਾਇਵਰ ਨੂੰ ਦਰਸ਼ਨ ਦੇਣ ਦੀ ਕ੍ਰਿਪਾ ਕੀਤੀ। ਬੀਬੀ ਦਾ ਇਲਾਜ ਅਤੇ ਦੇਖ ਭਾਲ ਸ੍ਰੀ ਸਤਿਗੁਰੂ ਜੀ ਵੱਲੋਂ ਕੀਤੀ ਜਾ ਰਹੀ ਹੈ। ਰਸਤੇ ਵਿੱਚ ਪਹਿਲਾਂ ਪਿੰਡ ਭੰਗੂਰ ਦੀ ਸਾਧ ਸੰਗਤ ਤੇ ਕ੍ਰਿਪਾ ਕਰਦੇ ਹੋਏ ਸ੍ਰੀ ਸਤਿਗੁਰੂ ਜੀ ਨੇ ਭੰਗੂਰ ਵਿਖੇ ਸ. ਸੁਖਚੈਨ ਸਿੰਘ ਨੰਬਰਦਾਰ ਦੀ ਅਰਜ਼ ਪ੍ਰਵਾਨ ਕਰਦੇ ਹੋਏ ਪਰਿਵਾਰ ਨੂੰ ਦਰਸ਼ਨ ਦੇਣ ਦੀ ਕ੍ਰਿਪਾ ਕੀਤੀ। ਇਥੇ ਹੀ ਪਿੰਡ ਭੰਗੂਰ ਸ. ਜੋਗਿੰਦਰ ਸਿੰਘ, ਕਪੂਰ ਸਿੰਘ, ਗੁਰਦੀਪ ਸਿੰਘ, ਹੀਰਾ ਸਿੰਘ, ਸ. ਤਰਨਜੀਤ ਸਿੰਘ ਅਤੇ ਬਲਵਿੰਦਰ ਸਿੰਘ ਦੇ ਘਰਾਂ ਵਿੱਚ ਚਰਨ ਪਾਏ। ਫਿਰ ਸ੍ਰੀ ਸਤਿਗੁਰੂ ਜੀ ਨੇ ਸਿੱਖਾਂ ਸੇਵਕਾਂ ਸਹਿਤ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਵਿਸ਼ੇਸ਼ ਨਿਵਾਜਿਸ਼ ਦੇ ਪਾਤਰ ਸੰਤ ਜਗਤਾਰ ਸਿੰਘ ਪਨਿਹਾਰੀ ਤੇ ਬੀਬਾ ਸਾਹਿਬ ਕੌਰ ਦੇ ਗ੍ਰਹਿ ਵਿਖੇ ਆਣ ਦਰਸ਼ਨ ਦਿੱਤੇ। ਇੱਥੇ ਹੀ ਕੁਝ ਸਮਾਂ ਰੁਕਣ ਤੋਂ ਬਾਅਦ ਪ੍ਰਸ਼ਾਦ ਪਾਣੀ ਛਕਿਆ ਅਤੇ ਫਿਰ ਵਾਪਿਸ ਸ੍ਰੀ ਭੈਣੀ ਸਾਹਿਬ ਲਈ ਚਾਲੇ ਪਾਏ। ਸ੍ਰੀ ਭੈਣੀ ਸਾਹਿਬ ਵਾਪਿਸ ਆਣ ਦੁਪਹਿਰ ਦੇ ਨਾਮ ਸਿਮਰਨ ਸਮੇਂ ਸਾਧ ਸੰਗਤ ਨੂੰ ਦਰਸ਼ਨ ਦੇਣ ਦੀ ਕ੍ਰਿਪਾ ਕੀਤੀ।

**- ਸੂਬਾ ਬਲਵਿੰਦਰ ਸਿੰਘ ਝੱਲ**

.......................................................

## ਨਾਮਧਾਰੀ ਧਰਮਸ਼ਾਲਾ ਐਲਨਾਬਾਦ ਵਿਖੇ ਦਰਸ਼ਨ

ਮਿਤੀ 13 ਅਕਤੂਬਰ 2020 ਮੁਤਾਬਿਕ 28 ਅੱਸੂ 2077 ਦਿਨ ਮੰਗਲਵਾਰ ਨੂੰ ਸਵੇਰੇ ਆਸਾ ਦੀ ਵਾਰ ਦਾ ਕੀਰਤਨ 4:30 ਤੋਂ 6:30 ਤੱਕ ਨਾਮਧਾਰੀ ਧਰਮਸ਼ਾਲਾ ਐਲਨਾਬਾਦ ਵਿਖੇ ਸੀ। ਸ੍ਰੀ ਸਤਿਗੁਰੂ ਜੀ ਨੇ ਵੀ ਆਸਾ ਦੀ ਵਾਰ ਦੇ ਕੀਰਤਨ ਸਮੇਂ ਦਰਸ਼ਨ ਦੇਣ ਦੀ ਕ੍ਰਿਪਾ ਕੀਤੀ। ਨੌਜਵਾਨ ਲੜਕੇ ਅਤੇ ਲੜਕੀਆਂ ਮਰਿਯਾਦਾ ਅਨੁਸਾਰ ਚੌਪਈ ਦੀ ਵਰਨੀ ਕਰ ਰਹੇ ਸਨ। ਆਸਾ ਦੀ ਵਾਰ ਦਾ ਕੀਰਤਨ ਜਥੇ. ਗੁਰਲਾਲ ਸਿੰਘ, ਰਾਗੀ ਸ਼ਾਮ ਸਿੰਘ ਤੇ ਸਥਾਨਕ ਜਥੇ ਦੇ ਨੌਜਵਾਨਾਂ ਕੀਤਾ। ਸਮਾਪਤੀ ਸਮੇਂ 2 ਪਾਠਾਂ ਦੇ ਭੋਗ ਪਾਏ ਗਏ। ਅੱਜ ਦਾ ਮੇਲਾ ਸ. ਮਾਨ ਸਿੰਘ ਵੱਲੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿੱਚ ਕੀਤਾ ਗਿਆ। ਸਤਿਗੁਰੂ ਜੀ ਨੇ ਪਵਿੱਤਰ ਉਪਦੇਸ਼ ਦੇਣ ਦੀ ਕ੍ਰਿਪਾ ਵੀ ਕੀਤੀ।

ਵਾਪਸੀ ਸਮੇਂ ਸ੍ਰੀ ਸਤਿਗੁਰੂ ਜੀ ਨੇ ਐਲਨਾਬਾਦ ਵਿਖੇ ਸੇਠ ਭਰਤ ਜੀ ਅਤੇ ਸ. ਗੁਰਬਖਸ਼ ਸਿੰਘ ਗਰਾਇਆ ਦੇ ਘਰ ਚਰਨ ਪਾਉਣ ਦੀ ਕ੍ਰਿਪਾ ਕੀਤੀ। 9 ਵਜੇ ਵਾਪਸ ਆਣ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਸ੍ਰੀ ਜੀਵਨ ਨਗਰ ਵਿਖੇ ਸ੍ਰੀ ਜਗਜੀਤ ਮੰਦਰ ਵਿੱਚ ਨਗਰ ਨਿਵਾਸੀ ਸਾਧ ਸੰਗਤ ਵੱਲੋਂ ਕਰਵਾਏ ਗਏ ਅਖੰਡ ਪਾਠ ਦੇ ਭੋਗ ਸਮੇਂ ਦਰਸ਼ਨ ਦੇਣ ਦੀ ਕ੍ਰਿਪਾ ਕੀਤੀ। ਭੋਗ ਉਪਰੰਤ ਬੱਚੀ ਮਹਿੰਦਰ ਕੌਰ ਅਤੇ ਸ. ਸਵਰਨ ਸਿੰਘ ਵਿਰਕ ਬੋਲੇ ਅਤੇ ਸ੍ਰੀ ਸਤਿਗੁਰੂ ਜੀ ਦਾ ਦਰਸ਼ਨ ਦੇਣ ਤੇ ਧੰਨਵਾਦ ਕੀਤਾ। ਵਾਪਸ ਮਸਤਾਨਗੜ੍ਹ ਆਣ ਪ੍ਰਸ਼ਾਦਾ ਛਕਣ ਉਪਰੰਤ ਵਿਸ਼ਰਾਮ ਕੀਤਾ ਅਤੇ ਫਿਰ ਪਿੰਡ ਦਮਦਮਾ ਦੇ ਨੌਜਵਾਨਾਂ ਦੀ ਅਰਜ਼ ਪ੍ਰਵਾਨ ਕਰਦੇ ਹੋਏ ਪਿੰਡ ਦਮਦਮਾ ਵਿਖੇ ਸਾਧ ਸੰਗਤ ਨੂੰ ਦਰਸ਼ਨ ਦੇਣ ਦੀ ਕ੍ਰਿਪਾ ਕੀਤੀ। 2 ਘਰਾਂ ਵਿੱਚ ਚਰਨ ਵੀ ਪਾਏ। ਇਥੋਂ ਹੀ ਨਾਮਧਾਰੀ ਫਾਰਮ ਟਿੱਬਾ ਵਿਖੇ ਦਰਸ਼ਨ ਦਿੱਤੇ ਅਤੇ ਸਾਰੇ ਫਾਰਮ ਦਾ ਦੌਰਾ ਕੀਤਾ। ਸ਼ਾਮ ਨੂੰ 6 ਤੋਂ 7 ਵਜੇ ਸ੍ਰੀ ਮਸਤਾਨਗੜ੍ਹ ਵਿਖੇ ਨਾਮ-ਸਿਮਰਨ ਸਮੇਂ ਦਰਸ਼ਨ ਦਿੱਤੇ, ਸੰਗਤ ਹੁੰਮ-ਹੁੰਮਾ ਕੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਲਈ ਪਹੁੰਚੀ।

**-ਸੂਬਾ ਬਲਵਿੰਦਰ ਸਿੰਘ ਝੱਲ**

.......................................................

# ਮਹਾਰਾਜ ਰਜਿੰਦਰ ਸਿੰਘ ਨੂੰ ਸੱਦਾ-ਪੱਤਰ



(੨੯ ਅਕਤੂਬਰ ੨੦੨੦): ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ੧੦੦ ਵੇਂ ਪ੍ਰਕਾਸ਼ ਪੁਰਬ ਦੇ ਸ਼ਤਾਬਦੀ ਸਮਾਰੋਹ ਦੌਰਾਨ ਜੋ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਪਾਵਨ ਹਜੂਰੀ ਵਿੱਚ ੨੫ ਤੋਂ ੩੦ ਨਵੰਬਰ ੨੦੨੦ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਧੂਮ ਧਾਮ ਨਾਲ ਮਨਾਇਆ ਜਾਵੇਗਾ। ਉਸ ਸੰਬੰਧ ਵਿੱਚ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਸੰਤ ਕਿਰਪਾਲ ਰੂਹਾਨੀ ਮਿਸ਼ਨ ਦੇ ਮਹਾਂਪੁਰਖ ਮਹਾਰਾਜ ਰਜਿੰਦਰ ਸਿੰਘ ਜੀ ਨੂੰ ਸੱਦਾ ਪੱਤਰ ਦੇਣ ਵਾਸਤੇ ਸ੍ਰੀ ਭੈਣੀ ਸਾਹਿਬ ਤੋਂ ਇਕ ਵਿਸ਼ੇਸ਼ ਵਫਦ ਉਹਨਾਂ ਦੇ ਨਿੱਜੀ ਸਕੱਤਰ ਜੀ.ਐਸ. ਗਰੋਵਰ ਸਾਹਿਬ ਨੂੰ ਮਿਲਿਆ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਤੇ ਮਹਾਰਾਜ ਦਰਸ਼ਨ ਸਿੰਘ ਜੀ ਦੀਆਂ ਰੂਹਾਨੀ ਸਾਂਝਾਂ ਸਾਂਝੀਆ ਕੀਤੀਆਂ ਗਈਆਂ। ਸਤਿਗੁਰੂ ਜੀ ਦੇ ਹੁਕਮ ਅਨੁਸਾਰ ਸੁਖਵਿੰਦਰ ਸਿੰਘ ਲਾਇਲ, ਮੰਗਲਜੀਤ ਸਿੰਘ ਦਿੱਲੀ, ਰਛਪਾਲ ਸਿੰਘ, ਹਰਜੀਤ ਸਿੰਘ, ਜਸਵਿੰਦਰ ਸਿੰਘ, ਜਥੇਦਾਰ ਨਿਸ਼ਾਨ ਸਿੰਘ ਵਿਸ਼ੇਸ਼ ਤੌਰ 'ਤੇ ਇਸ ਵਫਦ ਵਿੱਚ ਸ਼ਾਮਲ ਸਨ।

**– ਸੁਖਵਿੰਦਰ ਸਿੰਘ ਲਾਇਲ**

---

# ਰੋਪੜ ਦੀ ਟੀਮ ਨਾਲ ਅਭਿਆਸ ਮੈਚ



23-10-2020: ਅੱਜ ਇਹ ਅਭਿਆਸ Match ਸਤਿਗੁਰੂ ਉਦੇ ਸਿੰਘ ਜੀ ਦੀ ਹਜੂਰੀ ਵਿੱਚ ਖੇਡਿਆ ਗਿਆ। ਅੱਜ Ropar ਤੋਂ Under 15teen ਦੀ ਟੀਮ ਭੈਣੀ ਸਾਹਿਬ ਪਹੁੰਚੀ। ਜਿਨਾਂ ਦੇ Coach Laddi, RFC ਦੇ Head Coach ਸਨ।

ਸ਼ਾਮ ਦੇ ਸਮੇਂ 4 ਵਜੇ Match ਭੈਣੀ ਸਾਹਿਬ V/S Ropar dw 1st Half ਦਾ Result 3-0 ਨਾਲ ਭੈਣੀ ਸਾਹਿਬ ਦੀ Senior Team ਨੇ ਜਿੱਤ ਪ੍ਰਾਪਤ ਕੀਤੀ। ਜਿਸ ਵਿੱਚ ਭੈਣੀ ਸਾਹਿਬ ਦੇ Karam, Gursahib ਨੇ Goal ਕਰਕੇ ਟੀਮ ਨੂੰ ਜਿੱਤ ਪ੍ਰਾਪਤ ਕਰਵਾਈ।

Playing ਦੇ ਨਾਮ- ਕਰਨ, ਸ਼ਰਨ, ਮਨਪ੍ਰੀਤ, ਨਿਸ਼ਾਨ (GK) ਜਗਤ, ਸੁਖਰਾਜ, ਵੀਰ, ਮਹਾਂ ਸਿੰਘ, ਖੁਸ਼ਦੀਪ, ਕਰਤਾਰ, Change ਗੁਰਸਾਹਿਬ, ਨਵਰਾਜ।

Second Half ਵਿੱਚ Junior Batch ਦਾ Match ਹੋਇਆ। ਜਿਸ ਦਾ Result 5-1 ਰਿਹਾ, ਜਿਸ ਵਿੱਚ Ropar ਦੀ ਟੀਮ ਨੇ ਜਿੱਤ ਪ੍ਰਾਪਤ ਕੀਤੀ। ਜੂਨੀਅਰ ਨਾਮਧਾਰੀ ਬੱਚਿਆਂ ਦਾ Match 'ਚ ਪ੍ਰਦਰਸ਼ਨ ਬਹੁਤ ਵਧੀਆ ਰਿਹਾ।

**– ਇਕਬਾਲ ਸਿੰਘ ਬਾਲੀ 'ਕੋਚ'**

ਵਜੀਦਪੁਰ ਦਾ ਜਥਾ ਕੀਰਤਨ ਕਰਦਾ ਹੋਇਆ।




ਜਪ ਪ੍ਰਯੋਗ ਵਿੱਚ ਹਿੱਸਾ ਲੈਣ ਵਾਲੀ ਮਾਲਵੇ ਦੀ ਸਾਧ ਸੰਗਤ



Date of Publication: 2-12-2020,
Date of Posting: 3-4 Dec. 2020

RNI NO. 55658/93 Delhi Postal Regd. No. DL(W) 01/2055/18-20

ਦੇਖ ਬਨਵਾਰੀ ਬਨਵਾਰੀ ਕੋ ਜੇ ਦੇਖਾ ਚਾਹੇਂ
ਆਨ ਬਨਵਾਰੀ ਕਹਾਂ ਗੁਰੂ ਜਗਜੀਤ ਬਿਨ।
ਦੇਖ ਗਿਰਧਾਰੀ ਗਿਰਧਾਰੀ ਕੋ ਜੇ ਦੇਖਾ ਚਾਹੇਂ
ਆਨ ਗਿਰਧਾਰੀ ਕਹਾਂ ਗੁਰੂ ਜਗਜੀਤ ਬਿਨ।
ਦੇਖ ਲੇ ਮੁਰਾਰੀ ਮੁਰਾਰੀ ਕੋ ਜੇ ਦੇਖਾ ਚਾਹੇਂ
ਆਨ ਮੁਰਾਰੀ ਕਹਾਂ ਗੁਰੂ ਜਗਜੀਤ ਬਿਨ।
'ਬਾਲਮ' ਕਹਿਤ ਨਿਰੰਕਾਰ ਕੋ ਜੇ ਦੇਖਾ ਚਾਹੇਂ
ਆਨ ਨਿਰੰਕਾਰ ਕਹਾਂ ਗੁਰੂ ਜਗਜੀਤ ਬਿਨ।

ਕਰਮ ਸਿੰਘ ਬਾਲਮ

ਗੁਰੂ ਪ੍ਰਤਾਪ ਜੀ ਦਾ ਪ੍ਰਗਟ ਪ੍ਰਤਾਪ ਹੋਇਆ
ਹਰੀ ਸਿੰਘ ਵਿਹੜੇ ਹਰੀ ਜੋਤ ਪ੍ਰਗਟਾਈ ਏ।
ਜੀਵਨ ਬਗੀਚਾ ਮੌਲ ਉਠਿਆ ਬਹਾਰ ਨਾਲ
ਪ੍ਰੇਮ ਲਟਬੌਰੀ ਪੱਤੀ-ਪੱਤੀ ਨਸ਼ਿਆਈ ਏ।
ਭਗਤੀ ਸਰੂਪ ਮਾਤਾ ਜਗ ਦੇ ਜਗਾਏ ਭਾਗ
ਭਗਵਾਨ ਭਗਤ ਬਣ ਮੂਰਤੀ ਦਿਖਾਈ ਏ।
ਧਰਮ ਕੀ ਜੀਤ ਬਣ ਆਏ ਜਗਜੀਤ ਗੁਰ
ਨਾਮਧਾਰੀ ਪੰਥ ਨੂੰ ਵਧਾਈ ਏ! ਵਧਾਈ ਏ।

ਨਿਸ਼ਾਨ ਸਿੰਘ ਕਥਾਵਾਚਕ

Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi-110015.